ਇਸ ਮੌਕੇ ਇਕ ਟਰੱਕ ਵਿੱਚ ਭਾਰਤ ਫ਼ੌਜਾਂ ਵੱਲੋਂ ਢਹਿ ਢੇਰੀ ਕੀਤੇ ਅਕਾਲ ਤਖ਼ਤ ਸਾਹਿਬ ਦਾ ਮਾਡਲ ਤੇ ਭਾਰਤੀ ਫ਼ੌਜ ਦੇ ਟੈਂਕ ਬਣਾ ਕੇ ਸੰਗਤਾਂ ਦੇ ਦਰਸ਼ਨਾਂ ਲਈ ਰੱਖਿਆ ਗਿਆ ਸੀ। ਇਸ ਮੌਕੇ ਪਾਕਿਸਤਾਨ ਦੀ ਹੌਂਦ ਖਤਮ ਕਰ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਨਕਸ਼ੇ ਤੇ ਖਾਲਿਸਤਾਨ ਦੀ ਆਜ਼ਾਦੀ ਸਾਡਾ ਜਨਮ ਸਿੱਧ ਅਧਿਕਾਰ ਹੈ, ਲਿਖਿਆ ਹੋਇਆ ਸੀ। ਟ੍ਰੈਫਲਗਰ ਸਕੁਆਇਰ ਵਿੱਚ ਵੱਡੀ ਸਕਰੀਨ ਲਾ ਕੇ ਭਾਰਤੀ ਫੌਜਾਂ ਵੱਲੋ ਸਿੱਖ ਨਸਲਕੁਸ਼ੀ ਨੂੰ ਲਗਾਤਾਰ ਵਿਖਾਇਆ ਜਾ ਰਿਹਾ ਸੀ। ਦੁਨੀਆ ਭਰ ਤੋਂ ਟ੍ਰੈਫਲਗਰ ਸਕੁਆਇਰ ਵਿੱਚ ਹਰ ਰੋਜ਼ ਲੱਖਾਂ ਸੈਲਾਨੀ ਲੰਡਨ ਵੇਖਣ ਆਉਂਦੇ ਹਨ। ਯੂ ਕੇ ਵਿੱਚ ਨਵੀਂ ਸਰਕਾਰ ਬਣਨ ਤੇ ਜੱਗੀ ਜੌਹਲ ਦੀ ਰਿਹਾਈ ਲਈ ਭਾਰਤ ਸਰਕਾਰ ਤੇ ਦਬਾਅ ਵਧਾਉਣ ਦਾ ਐਲਾਨ ਕੀਤਾ। ਤੀਜੇ ਘੁੱਲੂਘਾਰੇ ਦੀ ਯਾਦ ਵਿੱਚ ਪੰਜਾਬ ਤੋਂ ਭਾਈ ਦਲਜੀਤ ਸਿੰਘ ਬਿੱਟੂ ਦਾ ਵੀਡਿਓ ਸੰਦੇਸ਼ ਵਿਖਾਇਆ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸਾਬਕਾ ਡਾਇਰੈਕਟਰ ਦੇ ਪਿਤਾ ਬਲਦੇਵ ਸਿੰਘ ਸੇਠ ਦੀ ਸ਼ਰਧਾਂਜਲੀ ਸਮਾਰੋਹ ਮੌਕੇ

# ਸਾਬਕਾ ਵਿਧਾਇਕ ਡੈਨੀ ਬੰਡਾਲਾ ਤੇ ਟੱਕਰ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ



**ਜੰਡਿਆਲਾ ਗੁਰੂ, 17 ਜੂਨ ( ਕੁਲਵੰਤ ਸਿੰਘ ਵਿਰਦੀ)**-ਵਿਧਾਨ ਸਭਾ ਹਲਕਾ ਜੰਡਿਆਲਾ ਦੇ ਅਧੀਨ ਆਉਂਦੇ ਪਿੰਡ ਵਡਾਲਾ ਜੌਹਲ ਦੇ ਵਸਨੀਕ ਮਾਰਕੀਟ ਕਮੇਟੀ ਗਹਿਰੀ ਮੰਡੀ ਦੇ ਸਾਬਕਾ ਡਾਇਰੈਕਟਰ ਅਤੇ ਪਿੰਡ ਵਡਾਲਾ ਜੌਹਲ ਦੇ ਪੰਚਾਇਤ ਮੈਂਬਰ ਸ੍ਰ ਸਵਿੰਦਰ ਸਿੰਘ ਸੇਠ, ਬਲਬੀਰ ਸਿੰਘ ਸੇਠ ਦੇ ਪਿਤਾ ਤੇ ਅਜੀਤ ਸਿੰਘ ਸੇਠ ਦੇ ਛੋਟੇ ਭਰਾ ਬਲਦੇਵ ਸਿੰਘ ਸੇਠ ਬੀਤੇ ਦਿਨ ਆਕਾਲ ਪੁਰਖ ਵੱਲੋਂ ਮਿਲੀ ਸਵਾਸਾਂ ਦੀ ਪੂੰਜੀ ਨੂੰ ਭੋਗਦਿਆਂ ਹੋਇਆਂ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਕਿ ਪ੍ਰਮਾਤਮਾ ਦੇ ਚਰਨਾਂ ਵਿੱਚ ਦਾ ਬਿਰਾਜੇ ਸਨ ਬਲ਼ਦੇਵ ਸਿੰਘ ਜੀ ਦੀ ਰੂਹ ਕਲਿਆਣ ਲਈ ਅਤੇ ਆਤਮਿਕ ਸ਼ਾਂਤੀ ਲਈ ਉਨ੍ਹਾਂ ਦੇ ਗ੍ਰਹਿ ਵਿਖੇ ਤਿੰਨ ਰੋਜ਼ ਤੋਂ ਆਰੰਭ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਭੋਗ ਤੋਂ ਉਪਰੰਤ ਗੁਰਦੁਆਰਾ ਭਗਵਾਨ ਸਰ ਵਿਖੇ ਬਲ਼ਦੇਵ ਸਿੰਘ ਜੀ ਦੀ ਅੰਤਿਮ ਅਰਦਾਸ ਸ਼ਰਧਾਂਜਲੀ ਸਮਾਰੋਹ ਮੌਕੇ ਗੁਰੂ ਘਰ ਦੇ ਕੀਰਤਨੀਏ ਭਾਈ ਪਲਵਿੰਦਰ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਵੈਰਾਗਮਈ ਕੀਰਤਨ ਕਰਕੇ ਸੰਗਤਾਂ ਨੂੰ ਵਾਹਿਗੁਰੂ ਜੀ ਦੇ ਭਾਣੇ ਨੂੰ ਮੰਨਣ ਲਈ ਪ੍ਰੇਰਿਤ ਕੀਤਾ ।ਅਤੇ ਸਮਾਪਤੀ ਮੌਕੇ ਗੁਰੂ ਘਰ ਦੇ ਗ੍ਰੰਥੀ ਸਿੰਘ ਭਾਈ ਸਾਹਿਬ ਵੱਲੋਂ ਗੁਰੂ ਚਰਨਾਂ ਵਿੱਚ ਅਰਦਾਸ ਬੇਨਤੀ ਕੀਤੀ ਗਈ ਅਤੇ ਹੁਕਮਨਾਮੇ ਤੋਂ ਉਪਰੰਤ ਸੰਗਤਾਂ ਨੂੰ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਈ ਗਈ। ਇਸ ਮੌਕੇ ਸਿਆਸੀ ਧਾਰਮਿਕ ਸਖਸ਼ੀਅਤਾਂ ਨੇ ਸ਼ਰਧਾਂਜਲੀ ਭੇਟ ਕੀਤੀ ਜਿਸ ਵਿੱਚ ਸਾਬਕਾ ਹਲਕਾ ਵਿਧਾਇਕ ਸ੍ਰ ਸੁਖਵਿੰਦਰ ਸਿੰਘ ਡੈਨੀ ਬੰਡਾਲਾ , ਜਥੇਦਾਰ ਅਜਮੇਰ ਸਿੰਘ ਵਡਾਲਾ ਜੌਹਲ ਨੇ ਸਰਧਾ ਦੇ ਫੁੱਲ ਭੇਟ ਕੀਤੇ ਅਤੇ ਅਵਤਾਰ ਸਿੰਘ ਟੱਕਰ ਜਾਣੀਆ ਨੇ ਸ਼ਰਧਾਂਜਲੀ ਭੇਟ ਕਰਦਿਆਂ ਹੋਇਆਂ ਕਿਹਾ ਕਿ ਵੱਡਿਆਂ ਦੀ ਘਰ ਵਿੱਚ ਬਹੁਤ ਜ਼ਰੂਰਤ ਹੁੰਦੀ ਹੈ ਪਰ ਵੱਡਿਆਂ ਦਾ ਸੰਸਾਰ ਵਿੱਚੋਂ ਚਲੇ ਜਾਣ ਨਾਲ ਪ੍ਰੀਵਾਰ ਦੇ ਜੀਆਂ ਦੇ ਸਿਰ ਤੇ ਰੱਖਿਆ ਜਾਣ ਵਾਲਾ ਹੱਥ ਚੁਕਿਆ ਜਾਂਦਾ ਉਨ੍ਹਾਂ ਪ੍ਰੀਵਾਰਕ ਮੈਂਬਰਾਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪੈ ਜਾਂਦਾ ਹੈ। ਸੇਠ ਜੀ ਇਸ ਪ੍ਰੀਵਾਰ ਨੂੰ ਛੱਡ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ ਵਾਹਿਗੁਰੂ ਜੀ ਸੇਠ ਜੀ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

ਆਵਾਜ਼ਿ ਕੌਮ AWAZE QAUM International Newspaper & WEB TV

**ਵੱਡਿਆਂ ਦੇ ਤੁਰ ਜਾਣ ਨਾਲ ਪ੍ਰੀਵਾਰ ਦੇ ਜੀਆਂ ਦੇ ਸਿਰ ਤੇ ਰੱਖਿਆ ਜਾਣ ਵਾਲਾ ਹੱਥ ਚੁਕਿਆ ਜਾਂਦਾ : ਅਵਤਾਰ ਸਿੰਘ ਟੱਕਰ**

### ਫ੍ਰੀ ਪਰਿਵਾਰ ਪਰਾਮਰਸ਼ ਕੇਂਦਰ ਅਤੇ ਜਨ ਕਲਿਯਾਨ ਸੰਗਠਨ ਵੱਲੋਂ ਕਰਵਾਇਆ

# "ਲਿਵ-ਇਨ-ਰਿਲੇਸ਼ਨਸ਼ਿਪ ਭਾਰਤੀ ਸੰਸਕ੍ਰਤੀ ਲਈ ਅਭਿਸ਼ਾਪ" ਸੈਮੀਨਾਰ



**ਚੌਂਕ ਮਹਿਤਾ, 17 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਲਿਵ-ਇਨ-ਰਿਲੇਸ਼ਨਸ਼ਿਪ ਦੇ ਵੱਧਦੇ ਹੋਏ ਖਤਰਨਾਕ ਨੁਕਸਾਨ ਤੋਂ ਜਾਣੂ ਕਰਵਾਉਣ ਦੇ ਉਦੇਸ਼ ਨਾਲ ਫ੍ਰੀ ਪਰਿਵਾਰ ਪਰਾਮਰਸ਼ ਕੇਂਦਰ ਅਤੇ ਜਨ ਕਲਿਯਾਨ ਸੰਗਠਨ ਵੱਲੋਂ "ਲਿਵ-ਇਨ-ਰਿਲੇਸ਼ਨਸ਼ਿਪ" ਭਾਰਤੀ ਸੰਸਕ੍ਰਤੀ ਲਈ ਅਭਿਸ਼ਾਪ" ਜਾਗਰੂਕਤਾ ਸੈਮੀਨਾਰ ਦੋਨਾਂ ਸੰਸਥਾਵਾਂ ਦੀ ਸੰਸਥਾਪਕ ਰਾਸ਼ਟਰਪਤੀ ਪੁਰਸਕਾਰ ਪ੍ਰਾਪਤ ਡਾ.ਸਵਰਾਜ ਗਰੋਵਰ ਦੀ ਅਗਵਾਈ ਹੇਠ ਕਰਵਾਇਆ ਗਿਆ।ਸਾਧਵੀ ਨੀਰਜਾ ਭਾਰਤੀ ਮੁੱਖ ਮਹਿਮਾਨ ਅਤੇ ਸਾਧਵੀ ਵਿਸ਼ਣੂ ਅਰਚਨਾ ਭਾਰਤੀ ਵਿਸੇਸ਼ ਮਹਿਮਾਨ ਸਨ ।ਦੋਨਾਂ ਮਹਿਮਾਨਾਂ ਨੇ ਸੰਸਕਾਰਾਂ ਤੇ ਜੋਰ ਦਿੰਦੇ ਹੋਏ ਦੱਸਿਆ ਕਿ ਲਿਵ-ਇਨ-ਰਿਲੇਸ਼ਨ ਨੋਜਵਾਨ ਪੀੜੀ ਨੂੰ ਦਿਸ਼ਾ ਤੋਂ ਭਟਕਾ ਕੇ ਉਸ ਦੇ ਭੱਵਿਖ ਨੂੰ ਖਤਮ ਕਰ ਰਿਹਾ ਹੈ। ਮਾਤਾ ਵੱਲੋਂ ਸੰਸਕਾਰ ਦੇਣਾ ਜਰੂਰੀ ਹੈ। ਵਿਆਹ ਇਕ ਪਵਿਤਰ ਬੰਧਨ ਹੈ ਜਿਹੜਾ ਕਿ ਸਾਰੇ ਧਰਮਾ ਨਾਲ ਜੁੜਿਆ ਹੈ। ਡਾ. ਸਵਰਾਜ ਗਰੋਵਰ ਨੇ ਕਿਹਾ ਕਿ ਸਵਿਧਾਨ ਦੇ ਆਰਟੀਕਲ 21 ਦੇ ਅਜਾਦੀ ਦੇ ਅਧਿਕਾਰ ਦੇ ਤਹਿਤ 18 ਸਾਲ ਤੋਂ ਜਿਆਦਾ ਮੁੰਡਾ ਜਾਂ ਕੁੜੀ ਲਿਵ-ਇਨ-ਰਿਲੇਸ਼ਨਸ਼ਿਪ ਦੇ ਅੰਤਰਗਤ ਇਕ ਛਤ ਤੇ ਥੱਲੇ ਸੁਪਰੀਮ ਕੋਰਟ ਦੇ ਹੁੱਕਮ ਅਨੁਸਾਰ ਪਤੀ-ਪਤਨੀ ਦੇ ਰੂਪ ਵਿੱਚ ਰਹਿ ਸਕਦੇ ਹਨ। ਸਾਡੇ ਧਰਮ ਅਤੇ ਸੰਸਕ੍ਰਤੀ ਵਿੱਚ ਲਿਵ-ਇਨ-ਰਿਲੇਸ਼ਨਸ਼ਿਪ ਦੇ ਲਈ ਕੋਈ ਜਗਾ ਨਹੀ ਹੈ। ਲਿਵ ਇਨ ਰਿਲੇਸ਼ਨਸ਼ਿਪ ਪਸ਼ਚਮੀ ਸਭਿਅਤਾ ਦੀ ਦੇਣ ਹੈ। ਡਾ. ਰਿਪਿਨ ਕੌਰ, ਡਾਲੀ ਭਾਟਿਆ, ਵੇਲਫੇਅਰ ਅਫਸਰ ਤਨੁਜਾ ਗੋਇਲ, ਕਵਲਜੀਤ ਕੌਰ, ਡਾ. ਰਜਨੀ ਡੋਗਰਾ ਛਾਬੜਾ, ਇੰਦਰਾ ਧਵਨ, ਸਨੇਹ ਅਰੋੜਾ ਦੇ ਕਿਹਾ ਕਿ ਭਾਰਤੀ ਧਰਮ ਵਿੱਚ ਕੇਵਲ ਇਕ ਹੀ ਵਿਆਹ ਦਾ ਰਿਵਾਜ ਹੈ। ਬਿਨਾਂ ਵਿਆਹੀ ਮਾਂ ਆਪਣੇ ਬੱਚੇ ਨੂੰ ਕੀ ਸੰਸਕਾਰ ਦੇ ਸਕਦੀ ਹੈ। ਐਡ. ਨੀਰਜ ਮਹਾਜਨ, ਰਮਨ ਸ਼ਰਮਾ, ਮਨਜੀਤ ਥਿੰਦ, ਮੰਜੂਲਾ, ਸਿਮਰ ਵੇਰਕਾ, ਕਿਰਨ ਵਿਜ, ਨਿਰਮਲ ਗੁਪਤਾ, ਸਰੋਜ ਚਾਵਲਾ, ਮਨਿੰਦਰ ਕੌਰ ਨੇ ਕਿਹਾ ਕਿ ਲਿਵ-ਇਨ-ਰਿਲੇਸ਼ਨਸ਼ਿਪ ਦੇ ਨਾਲ ਬੱਚਿਆ ਦੇ ਜੀਵਨ ਪੂਰੀ ਤਰਾਂ ਖਤਮ ਹੋ ਜਾਂਦੇ ਹਨ ।ਵੀਨਾ ਕਪੂਰ, ਰੰਜਨਾ ਨਾਯਰ, ਵੀਨਾ ਮਹਾਜਨ, ਸੁਨੀਤਾ ਖੰਨਾ, ਵਿਭਾ ਅਰੋੜਾ, ਏਕਤਾ ਖੇੜਾ, ਪਿੰਕੀ ਕੁਮਾਰੀ, ਕਾਜਲ ਅਤੇ ਨੀਤੂ ਕੁਮਾਰੀ ਨੇ ਦੱਸਿਆ ਕਿ ਅਸੀ ਆਪਣੇ ਬੱਚਿਆ ਨੂੰ ਅੰਗ੍ਰੇਜੀ ਸਭਿਅਤਾ ਨਾਲ ਅਤੇ ਲਿਵ-ਇਨ-ਰਿਲੇਸ਼ਨਸ਼ਿਪ ਤੋਂ ਦੂਰ ਰੱਖਕੇ ਪਰਿਵਾਰ ਨੂੰ ਅਤੇ ਦੇਸ਼ ਨੂੰ ਤਾਕਤਵਰ ਬਣਾਵਾਂਗੇ ਇਸ ਮੌਕੇ ਸਾਰਿਆਂ ਨੇ ਸੰਕਲਪ ਲਿਆ ਕਿ ਘਰ ਵਿੱਚ ਬੱਚਿਆਂ ਨੂੰ ਚੰਗੇ ਸੰਸਕਾਰ ਦੇ ਕੇ ਲਿਵ ਇਨ ਰਿਲੇਸ਼ਨਸ਼ਿਪ ਤੋਂ ਦੂਰ ਰੱਖਣਗੇ ਅਤੇ ਇਸ ਨਾਲ ਪੀੜਤ ਬੇਟਿਆਂ ਨੂੰ ਨਿਯਾ ਦਿਵਾਉਣਗੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੂੰ ਪੱਤਰ :ਲਿਵ-ਇਨ-ਰਿਲੇਸ਼ਨਸ਼ਿਪ ਨੂੰ ਖਤਮ ਕਰਨ ਲਈ ਸਾਰੇ ਮੈਂਬਰਾ ਦੇ ਦਸਤਖਤ ਕਰਵਾ ਕੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੂੰ ਭੇਜਿਆ।

ਆਵਾਜ਼ਿ ਕੌਮ AWAZE QAUM International Newspaper & WEB TV

## ਕੰਗਣਾ ਰਣੌਤ ਕਾਂਡ ਦੀ ਬਦੌਲਤ ਹਿਮਾਚਲ ਵਿਚ ਅਤੇ ਹੋਰ ਸੂਬਿਆਂ ਵਿਚ ਪੰਜਾਬੀਆਂ ਤੇ ਸਿੱਖ ਕੌਮ ਵਿਰੁੱਧ ਪੈਦਾ ਕੀਤੀ ਜਾ ਰਹੀ ਸਾਜਸੀ ਨਫਰਤ ਹੋਵੇ ਤੁਰੰਤ ਬੰਦ : ਮਾਨ



ਨਵੀਂ ਦਿੱਲੀ, 17 ਜੂਨ (ਮਨਪ੍ਰੀਤ ਸਿੰਘ ਖਾਲਸਾ):- "ਹਿਮਾਚਲੀ ਐਕਟਰਸ ਤੋ ਐਮ.ਪੀ ਬਣੀ ਕੰਗਣਾ ਰਣੌਤ ਦਾ ਚੰਡੀਗੜ੍ਹ ਹਵਾਈ ਅੱਡੇ ਵਿਖੇ ਵਾਪਰੇ ਦੁਖਾਂਤ ਦੀ ਬਦੌਲਤ ਜੋ ਸਾਜਸੀ ਢੰਗ ਨਾਲ ਹਿਮਾਚਲ ਵਿਚ ਅਤੇ ਹੋਰ ਸੂਬਿਆਂ ਵਿਚ ਸਰਬੱਤ ਦਾ ਭਲਾ ਲੌੜਨ ਵਾਲੇ ਪੰਜਾਬੀ ਅਤੇ ਸਿੱਖ ਕੌਮ ਵਿਰੁੱਧ ਜਾਣਬੁੱਝ ਕੇ ਮਾਹੌਲ ਤਿਆਰ ਕਰਦੇ ਹੋਏ ਹਿਮਾਚਲ ਵਿਚ ਪੰਜਾਬੀਆਂ ਤੇ ਸਿੱਖਾਂ ਨੂੰ ਨਿਸ਼ਾਨਾਂ ਬਣਾਕੇ ਹਮਲੇ ਕੀਤੇ ਜਾ ਰਹੇ ਹਨ ।ਜੇਕਰ ਇਸ ਨੂੰ ਹੁਕਮਰਾਨਾਂ ਨੇ ਸਹੀ ਸਮੇ ਤੇ ਰੋਕਣ ਅਤੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਤੋ ਅਣਗਹਿਲੀ ਕੀਤੀ ਤਾਂ ਹਿਮਾਚਲ ਦੇ ਹੀ ਨਹੀ ਸਮੁੱਚੇ ਇੰਡੀਆਂ ਦੇ ਹਾਲਾਤ ਅਤਿ ਵਿਸਫੋਟਕ ਬਣ ਜਾਣਗੇ ।ਜਿਸ ਉਤੇ ਹੁਕਮਰਾਨ ਫੌ.ਜੀ ਅਤੇ ਪੁਲਿਸ ਤਾਕਤ ਹੁੰਦੇ ਹੋਏ ਵੀ ਕਾਬੂ ਪਾਉਣ ਤੋ ਅਸਮਰੱਥ ਹੋ ਜਾਣਗੇ ।ਇਸ ਲਈ ਅਜਿਹੇ ਹਾਲਾਤ ਬਣਨ ਉਸ ਤੋ ਪਹਿਲੇ ਹੀ ਇੰਡੀਆ ਦੇ ਗ੍ਰਹਿ ਵਜੀਰ ਸ੍ਰੀ ਅਮਿਤ ਸਾਹ ਨੂੰ ਚਾਹੀਦਾ ਹੈ ਕਿ ਹਿਮਾਚਲ ਵਿਚ 2 ਦਿਨ ਪਹਿਲੇ ਇਕ ਵਿਦੇਸੀ ਪੰਜਾਬੀ ਪਰਿਵਾਰ ਸ. ਕੰਵਲਜੀਤ ਸਿੰਘ, ਉਸਦੇ ਭਰਾ ਅਤੇ ਉਨ੍ਹਾਂ ਦੀ ਪਤਨੀ ਉਤੇ ਹਿਮਾਚਲੀਆ ਵੱਲੋ ਕੰਗਣਾ ਰਣੌਤ ਦੇ ਮੁੱਦੇ ਨੂੰ ਲੈਕੇ ਮੰਦਭਾਵਨਾ ਅਧੀਨ ਕੀਤੇ ਗਏ ਜਾਨਲੇਵਾ ਹਮਲੇ ਅਧੀਨ ਸੰਬੰਧਤ ਅੰਮ੍ਰਿਤਸਰ ਦੇ ਪਰਿਵਾਰ ਦੇ ਜਖਮੀ ਹੋਣ ਅਤੇ ਇਸ ਦੁਖਾਂਤ ਉਪਰੰਤ ਸਮੁੱਚੇ ਹਿਮਾਚਲ ਤੇ ਇੰਡੀਆ ਵਿਚ ਪੈਦਾ ਹੋ ਰਹੇ ਹਾਲਾਤਾਂ ਉਤੇ ਗਹਿਰਾ ਦੁੱਖ ਜਾਹਰ ਕਰਦੇ ਹੋਏ ਅਤੇ ਇਸ ਵਿਸੇ ਤੇ ਫੌਰੀ ਕਾਨੂੰਨੀ ਅਮਲ ਕਰਦੇ ਹੋਏ ਇਸ ਨੂੰ ਤੁਰੰਤ ਰੋਕਣ ਅਤੇ ਦੋਸ਼ੀਆ ਨੂੰ ਬਣਦੀਆ ਸਜਾਵਾਂ ਦਿੱਤੀਆ ਜਾਣ ।"

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਅੱਜ ਇੰਡੀਆ ਦੇ ਗ੍ਰਹਿ ਵਜੀਰ ਸ੍ਰੀ ਅਮਿਤ ਸਾਹ ਨੂੰ ਇਕ ਅਤਿ ਗੰਭੀਰ ਪੱਤਰ ਲਿਖਦੇ ਹੋਏ ਹਿਮਾਚਲ ਵਿਚ ਪੰਜਾਬੀਆ ਤੇ ਸਿੱਖਾਂ ਵਿਰੁੱਧ ਪੈਦਾ ਕੀਤੀ ਜਾ ਰਹੀ ਸਾਜਸੀ ਨਫਰਤ ਨੂੰ ਰੋਕਣ ਅਤੇ ਦੋਸ਼ੀਆ ਵਿਰੁੱਧ ਕਾਨੂੰਨ ਅਨੁਸਾਰ ਫੌਰੀ ਕਾਰਵਾਈ ਕਰਨ ਦੀ ਮੰਗ ਕਰਦੇ ਹੋਏ ਪ੍ਰਗਟ ਕੀਤੇ ।ਉਨ੍ਹਾਂ ਕਿਹਾ ਕਿ ਜੋ ਅੱਜ ਚੰਡੀਗੜ੍ਹ ਦੇ ਇਕ ਏ.ਐਸ.ਆਈ ਅਧਿਕਾਰੀ ਦਾ ਡਲਹੌਜੀ ਵਿਖੇ ਉਨ੍ਹਾਂ ਫਿਰਕੂ ਲੋਕਾਂ ਵੱਲੋ ਹਮਲਾ ਕਰਕੇ ਜਖਮੀ ਕੀਤਾ ਗਿਆ ਹੈ, ਇਹ ਕਾਰਵਾਈ ਇਕ ਪੁਲਿਸ ਅਧਿਕਾਰੀ ਦੀ ਨਿਗਰਾਨੀ ਹੇਠ ਉਥੋ ਦੇ ਸਰਾਰਤੀ ਅਨਸਰਾਂ ਵੱਲੋ ਕਰਨਾ ਹੋਰ ਵੀ ਦੁੱਖਦਾਇਕ ਹੈ ।ਜਿਸ ਤੋ ਪ੍ਰਤੱਖ ਹੈ ਕਿ ਪੰਜਾਬੀਆਂ ਤੇ ਸਿੱਖਾਂ ਵਿਰੁੱਧ ਜਾਣਬੁੱਝ ਕੇ ਕੰਗਣਾ ਰਣੌਤ ਦੇ ਮੁੱਦੇ ਨੂੰ ਲੈਕੇ ਮਾਹੌਲ ਤਿਆਰ ਕੀਤਾ ਜਾ ਰਿਹਾ ਹੈ ।ਅਜਿਹੀ ਸਾਜਿਸ ਨੂੰ ਅਮਲੀ ਰੂਪ ਦੇਣ ਵਾਲੇ ਅਧਿਕਾਰੀ ਤੇ ਸਰਾਰਤੀ ਅਨਸਰ ਨੂੰ ਇਹ ਬਿਲਕੁਲ ਵੀ ਗਿਆਨ ਨਹੀ ਕਿ ਇਸ ਅਮਲ ਨਾਲ ਸਮੁੱਚੇ ਇੰਡੀਆ ਵਿਚ ਹਾਲਾਤ ਵੱਡੇ ਵਿਸਫੋਟਕ ਬਣ ਜਾਣਗੇ ।ਇਸ ਲਈ ਜਿੰਨੀ ਜਲਦੀ ਹੋ ਸਕੇ ਇਸ ਮੰਦਭਾਗੇ ਵੱਧਦੇ ਰੁਝਾਨ ਨੂੰ ਸਖਤੀ ਨਾਲ ਰੋਕਿਆ ਜਾਵੇ ।ਪੰਜਾਬੀਆ ਤੇ ਸਿੱਖ ਕੌਮ ਵਿਰੁੱਧ ਨਫਰਤ ਪੈਦਾ ਕਰਨ ਵਾਲੇ ਸਰਾਰਤੀ ਅਨਸਰਾਂ ਤੇ ਉਨ੍ਹਾਂ ਤੇ ਹਮਲੇ ਕਰਨ ਵਾਲੇ ਫਿਰਕੂਆ ਨੂੰ ਤੁਰੰਤ ਗ੍ਰਿਫਤਾਰ ਕਰਕੇ ਸਜਾਵਾਂ ਦਿੱਤੀਆ ਜਾਣ ਤਾਂ ਕਿ ਹਾਲਾਤ ਹੁਕਮਰਾਨਾਂ ਤੋ ਬੇਕਾਬੂ ਨਾ ਹੋ ਸਕਣ ।ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਸ੍ਰੀ ਅਮਿਤ ਸ਼ਾਹ ਗ੍ਰਹਿ ਵਜੀਰ ਇੰਡੀਆ ਦੀ ਹਕੂਮਤ, ਹਿਮਾਚਲ ਦੀ ਹਕੂਮਤ ਇਸ ਵਿਸੇ ਤੇ ਤੁਰੰਤ ਅਮਲੀ ਕਾਰਵਾਈ ਕਰਨਗੇ ।ਇਥੇ ਇਹ ਵਰਣਨ ਕਰਨਾ ਜਰੂਰੀ ਹੈ ਕਿ ਸ. ਮਾਨ ਨੇ ਬੀਤੇ ਦਿਨੀਂ ਹਿਮਾਚਲ ਵਿਚ ਵਾਪਰੇ ਦੁਖਾਂਤ ਦੇ ਮੁੱਦੇ ਨੂੰ ਲੈਕੇ ਹਿਮਾਚਲ ਦੇ ਮੁੱਖ ਮੰਤਰੀ ਸ੍ਰੀ ਸੁਖਵਿੰਦਰ ਸੁੱਖੂ ਅਤੇ ਹਰਿਆਣੇ ਦੇ ਕੈਥਲ ਵਿਖੇ ਸ. ਸੁਖਵਿੰਦਰ ਸਿੰਘ ਨੂੰ ਕੁੱਟਮਾਰ ਕਰਕੇ ਜਖਮੀ ਕਰਨ ਦੇ ਵਿਸੇ ਤੇ ਹਰਿਆਣੇ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੂੰ ਪਹਿਲੇ ਹੀ ਵੱਡੇ ਰੋਸ ਭਰੇ ਪੱਤਰ ਲਿਖਦੇ ਹੋਏ ਦੋਸੀਆ ਨੂੰ ਗ੍ਰਿਫਤਾਰ ਕਰਨ ਤੇ ਸਜਾਵਾਂ ਦੇਣ ਦੀ ਮੰਗ ਕੀਤੀ ਹੈ ।ਤਾਂ ਕਿ ਇਹ ਸਰਕਾਰਾਂ ਕਾਨੂੰਨੀ ਵਿਵਸਥਾਂ ਨੂੰ ਸਹੀ ਸਮੇ ਤੇ ਕਾਬੂ ਰੱਖ ਸਕਣ ਤੇ ਮਾਹੌਲ ਅਮਨਮਈ ਬਣਿਆ ਰਹੇ।

ਆਵਾਜ਼ਿ ਕੌਮ AWAZE QAUM International Newspaper & WEB TV

## ਪੰਜਾਬੀ ਟੈਲੀ ਫਿਲਮ ਬਿੱਕਰ ਵਿਚੋਲਾ- 2 ਕੈਨੇਡਾ ਵਾਲੇ 20 ਜੂਨ ਨੂੰ ਹੋਵੇਗੀ ਰਿਲੀਜ਼- ਗੁਰਨੈਬ ਸਾਜਨ



ਤਲਵੰਡੀ ਸਾਬੋ, 17 ਜੂਨ (ਗੁਰਜੰਟ ਸਿੰਘ ਨਥੇਹਾ)- ਸਾਜਨ ਪੰਜਾਬੀ ਪ੍ਰੋਡਕਸ਼ਨ ਦੇ ਬੈਨਰ ਹੇਠ ਪੰਜਾਬੀ ਲਘੂ ਫ਼ਿਲਮ ਬਿੱਕਰ ਵਿਚੋਲਾ ਨੂੰ ਸੋਸ਼ਲ ਮੀਡੀਆ 'ਤੇ ਦਰਸਕਾਂ ਵੱਲੋਂ ਮਿਲੇ ਭਰਵੇਂ ਹੰਗਾਰੇ ਤੋਂ ਬਾਅਦ ਸਾਜਨ ਪੰਜਾਬੀ ਟੀਮ ਵੱਲੋਂ ਆਪਣੀ ਅਗਲੀ ਟੈਲੀ ਫਿਲਮ ਬਿੱਕਰ ਵਿਚੋਲਾ- 2 ਕੈਨੇਡਾ ਵਾਲੇ ਮੁਕੰਮਲ ਕਰ ਲਈ ਗਈ ਹੈ, ਜਿਸ ਦਾ ਪੋਸਟਰ ਬਠਿੰਡਾ 'ਚ ਫਿਲਮ ਦੇ ਨਿਰਦੇਸ਼ਕ ਰਾਜਬਿੰਦਰ ਸ਼ਮੀਰ ਅਤੇ ਨਿਰਮਾਤਾ, ਕਹਾਣੀਕਾਰ ਗੁਰਨੈਬ ਸਾਜਨ ਦੀ ਹਾਜਰੀ 'ਚ ਫਿਲਮ ਖੇਤਰ ਨਾਲ ਜੁੜੀਆਂ ਅਜੀਮ ਸ਼ਖਸੀਅਤਾਂ ਵੱਲੋਂ ਲੋਕ ਨਜਰ ਕੀਤਾ ਗਿਆ। ਇਸ ਮੌਕੇ ਫਿਲਮ ਦੇ ਅਦਾਕਾਰ ਗੁਰਨੈਬ ਸਾਜਨ ਦਿਉਣ, ਰਾਜਬਿੰਦਰ ਸ਼ਮੀਰ, ਗੁਰਵਿੰਦਰ ਸਰਮਾ, ਰਾਜਿੰਦਰ ਅਬਲੂ ਤੋਂ ਇਲਾਵਾ ਮਨਪ੍ਰੀਤ ਸਰਾਂ, ਪ੍ਰੀਤ ਬਠਿੰਡਾ, ਰਾਜ ਸੋਨੀ, ਗਗਨ ਧਾਲੀਵਾਲ, ਗਾਇਕਾ ਕਿਰਨ ਖਾਨ, ਗੁਰਸੇਵਕ ਬੀੜ, ਨਛੱਤਰ ਸਿੱਧੂ ਮੌਜੂਦ ਸਨ। ਫਿਲਮ ਦਾ ਟਰੇਲਰ ਯੂਟਿਊਬ ਚੈਨਲ ਸਾਜਨ ਪੰਜਾਬੀ ਟੀਵੀ (sajanpunjabitv) 'ਤੇ ਲੋਕ ਨਜ਼ਰ ਕੀਤਾ ਜਾ ਚੁੱਕਾ ਹੈ। ਆ ਰਹੀ ਫਿਲਮ ਬਿੱਕਰ ਵਿਚੋਲਾ- 2 ਕੈਨੇਡਾ ਵਾਲੇ ਸਬੰਧੀ ਜਾਣਕਾਰੀ ਦਿੰਦਿਆਂ ਫਿਲਮ ਦੇ ਨਿਰਦੇਸ਼ਕ ਰਾਜਬਿੰਦਰ ਸਮੀਰ ਨੇ ਦੱਸਿਆ ਕਿ ਟੀਮ ਵੱਲੋਂ ਪਹਿਲਾਂ ਬਿੱਕਰ ਵਿਚੋਲਾ ਫਿਲਮ ਬਣਾਈ ਗਈ ਸੀ ਜਿਸ ਨੂੰ ਦਰਸ਼ਕਾਂ ਦਾ ਭਰਵਾਂ ਪਿਆਰ ਮਿਲਿਆ ਸੀ। ਇਸ ਪਿਆਰ ਨੂੰ ਹੀ ਮੁੱਖ ਰੱਖਦਿਆਂ ਬਿੱਕਰ ਵਿਚੋਲਾ ਦੇ ਕਿਰਦਾਰ ਨੂੰ ਇੱਕ ਵੱਖਰੇ ਅੰਦਾਜ਼ ਵਿੱਚ ਗੁਰਨੈਬ ਸਾਜਨ ਦਿਉਣ ਨੇ ਬਾਖੂਬੀ ਨਿਭਾਇਆ ਹੈ। ਇਸ ਫਿਲਮ ਦੇ ਨਿਰਮਾਤਾ ਤੇ ਕਹਾਣੀਕਾਰ ਵੀ ਗੁਰਨੈਬ ਸਾਜਨ ਹੀ ਹਨ, ਫਿਲਮ ਵਿੱਚ ਦਰਸਾਇਆ ਗਿਆ ਹੈ ਕਿ ਕਿਵੇਂ ਪੰਜਾਬ ਦੀ ਜਵਾਨੀ ਪੰਜਾਬ ਵਿੱਚ ਰੁਜਗਾਰ ਨਾ ਮਿਲਣ ਕਰਕੇ ਪੜ੍ਹ ਲਿਖ ਕੇ ਨਸ਼ਿਆਂ ਵਿੱਚ ਅਤੇ ਵਿਦੇਸਾਂ ਵੱਲ ਜਾ ਰਹੀ ਹੈ। ਕਿਸਾਨੀ, ਜਵਾਨੀ ਤੇ ਪੰਜਾਬੀ ਸੱਭਿਆਚਾਰ ਦੀ ਤਰਜਮਾਨੀ ਕਰਦੀ ਇਸ ਫਿਲਮ 'ਚ ਗੰਧਲੀ ਹੋ ਚੁੱਕੀ ਸਿਆਸਤ ਉੱਪਰ ਵੀ ਤੰਜ ਕਸਿਆ ਗਿਆ ਹੈ ਅਤੇ ਵਿਚੋਲਪੁਣੇ ਤੋਂ ਮੈਰਿਜ ਬਿਊਰੋ ਕਿਉਂ ਤੇ ਕਿਵੇਂ ਬਣੇ ਇਸ ਬਾਰੇ ਚਰਚਾ ਹੈ ਇਸ ਵੀਡਿਓ ਵਿਚ। ਸਾਜਨ ਪੰਜਾਬੀ ਦੇ ਬੈਨਰ ਹੇਠ ਸ਼ਿੰਗਾਰੀ ਗਈ ਟੈਲੀ ਫਿਲਮ ਬਿੱਕਰ ਵਿਚੋਲਾ- 2 ਕੈਨੇਡਾ ਵਾਲੇ ਨੂੰ ਯੂਟਿਊਬ ਚੈਨਲ sajanpunjabitv ਤੇ 20 ਜੂਨ ਸਾਮ 5 ਵਜੇ ਰਿਲੀਜ ਕੀਤਾ ਜਾਵੇਗਾ। ਉਮੀਦ ਕਰਦੇ ਹਾਂ ਕਿ ਇਸ ਫਿਲਮ ਨੂੰ ਵੀ ਪਹਿਲਾਂ ਦੀ ਤਰ੍ਹਾਂ ਦਰਸ਼ਕਾਂ ਦਾ ਮਣਾਂ ਮੂੰਹੀਂ ਪਿਆਰ ਮਿਲੇਗਾ। ਫਿਲਮ ਦੇ ਕੈਮਰਾਮੈਨ ਰਾਜਵੀਰ ਸਾਜਨ, ਐਡੀਟਰ ਜਸ ਸੋਹਲ, ਅਦਾਕਾਰਾਂ 'ਚੋਂ ਸਾਲਿਨੀ, ਬੱਬੂ ਸ਼ੇਰਗਿੱਲ, ਕਰਮਜੀਤ ਰਾਜੂ, ਕਿਰਨਦੀਪ ਵਿਰਕ, ਐਲ ਐਸ ਕੰਗ, ਸਿੱਧੂ ਬਾਜਕ, ਡਾ. ਚੇਤ ਬਰਾੜ ਦਿਉਣ, ਡਾ. ਗੁਰਚਰਨ ਵਿਰਕ ਕਲਾਂ, ਸੂਬੇਦਾਰ ਬਾਵਾ ਸਿੰਘ, ਬਲਜਿੰਦਰ ਵਿਰਕ, ਗੁਰਮੀਤ ਵਿਰਕ, ਬਬਲੂ ਵਿਰਕ, ਬਲਜਿੰਦਰ ਮਾਨ, ਕਮਲ ਬਰਨਾਲਾ, ਡਾ. ਹਰਪ੍ਰੀਤ ਖਿਆਲਾ, ਰਾਜਵਿੰਦਰ ਪੰਜਾਬੀ, ਦਿਲਬਾਗ ਜ਼ਖਮੀ ਨੇ ਅਦਾਕਾਰੀ ਕੀਤੀ ਹੈ।




ਆਵਾਜ਼ਿ ਕੌਮ AWAZE QAUM International Newspaper & WEB TV

‘ਹੈਨਿ ਵਿਰਲੇ ਨਾਹੀ ਘਣੇ’

# ਸੰਤ ਬਾਬਾ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਪਵਿੱਤਰ ਜੀਵਨ ਨੂੰ ਸਮਰਪਿਤ ਕਿਤਾਬ ਰਿਲੀਜ਼ ਕੀਤੀ ਗਈ















## ‘ਹੈਨਿ ਵਿਰਲੇ ਨਾਹੀ ਘਣੇ’

ਸੰਤ ਬਾਬਾ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਪਵਿੱਤਰ ਜੀਵਨ ਨੂੰ ਸਮਰਪਿਤ ਕਿਤਾਬ ਅੱਜ ਸ਼੍ਰੀ ਅਕਾਲ ਤੱਖਤ ਸਾਹਿਬ ਦੇ ਸਕੱਤਰੇਤ ਵਿਖ਼ੇ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਜੱਥੇਦਾਰ ਸ਼੍ਰੀ ਅਕਾਲ ਤੱਖਤ ਸਾਹਿਬ ਵੱਲੋਂ ਰਿਲੀਜ਼ ਕੀਤੀ ਗਈ। ਇਸ ਮੌਕੇ ਭਾਈ ਮਨਜੀਤ ਸਿੰਘ ਜੀ ਸਪੁੱਤਰ ਸੰਤ ਬਾਬਾ ਕਰਤਾਰ ਸਿੰਘ ਜੀ, ਬਾਬਾ ਅਵਤਾਰ ਸਿੰਘ ਜੀ ਮੁੱਖੀ ਦਲ ਪੰਥ ਬਾਬਾ ਬਿਧੀਚੰਦ, ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ ਜੱਥੇਦਾਰ ਸ਼੍ਰੀ ਕੇਸਗੜ੍ਹ ਸਾਹਿਬ, ਬਾਬਾ ਰਾਮ ਸਿੰਘ ਜੀ ਮੁੱਖੀ ਦਮਦਮੀ ਟਕਸਾਲ ਜੱਥਾ ਮਹਿਤਾ ਸੰਗਰਾਵਾਂ, ਬਾਬਾ ਸੁੱਖਾ ਸਿੰਘ ਜੀ ਕਾਰ ਸੇਵਾ ਭੂਰੀ ਵਾਲੇ, ਗਿਆਨੀ ਜਸਵੰਤ ਸਿੰਘ ਜੀ ਕਥਾਵਾਚਕ, ਬਾਬਾ ਹਰਦੀਪ ਸਿੰਘ ਜੀ, ਬਾਬਾ ਰਾਜ ਸਿੰਘ ਜੀ ਸ਼ਾਉਣੀ ਵਾਲੇ, ਬੀਬੀ ਸਤਵੰਤ ਕੌਰ ਜੀ ਪੋਤਰੀ ਸੰਤ ਬਾਬਾ ਕਰਤਾਰ ਸਿੰਘ ਜੀ, ਡਾ ਅਮਰਜੀਤ ਕੌਰ ਜੀ, ਭਾਈ ਕੰਵਰ ਚੜ੍ਹਤ ਸਿੰਘ ਜੀ ਪੋਤਰੇ ਸੰਤ ਬਾਬਾ ਕਰਤਾਰ ਸਿੰਘ ਜੀ, ਭਾਈ ਸੁਖਦੇਵ ਸਿੰਘ ਜੀ ਭੂਰਾ, ਸ ਵਜ਼ੀਰ ਸਿੰਘ, ਸ ਜਸਪਾਲ ਸਿੰਘ ਵਲਟੋਹਾ, ਸ ਮਹਿੰਦਰਪਾਲ ਸਿੰਘ, ਭਾਈ ਤੇਜਿੰਦਰ ਸਿੰਘ, ਰਣਜੋਧ ਸਿੰਘ, ਅਮੀਰ ਸਿੰਘ ਹਾਜ਼ਿਰ ਰਹੇ। ਇਸ ਕਿਤਾਬ ਦੇ ਲੇਖਿਕਾ ਹਨ ਬੀਬੀ ਅਮਰਜੀਤ ਕੌਰ ਜੀ ਇੱਬਣ ਕਲਾਂ।

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸਿੱਖ ਨਸਲਕੁਸ਼ੀ ਦੇ 40 ਸਾਲਾਂ ਬਾਅਦ ਇਹ ਸਪੱਸ਼ਟ ਹੈ ਕਿ

# ਭਾਰਤ ਵਿੱਚ ਸਿੱਖਾਂ ਨੂੰ ਕਦੇ ਵੀ ਇਨਸਾਫ਼ ਨਹੀਂ ਮਿਲੇਗਾ: ਦਬਿੰਦਰਜੀਤ ਸਿੰਘ




**ਨਵੀਂ ਦਿੱਲੀ 17 ਜੂਨ (ਮਨਪ੍ਰੀਤ ਸਿੰਘ ਖਾਲਸਾ)**:-ਸਿੱਖ ਫੈਡਰੇਸ਼ਨ (ਯੂਕੇ) ਦੇ ਪ੍ਰਮੁੱਖ ਸਲਾਹਕਾਰ ਦਬਿੰਦਰਜੀਤ ਸਿੰਘ ਨੇ ਮੀਡੀਆ ਨੂੰ ਭੇਜੇ ਪ੍ਰੈਸ ਨੋਟ ਰਾਹੀਂ ਕਿਹਾ ਕਿ ਸਿੱਖ ਨਸਲਕੁਸ਼ੀ ਦੇ 40 ਸਾਲਾਂ ਬਾਅਦ ਇਹ ਸਪੱਸ਼ਟ ਹੈ ਕਿ ਭਾਰਤ ਵਿੱਚ ਸਿੱਖਾਂ ਨੂੰ ਕਦੇ ਵੀ ਇਨਸਾਫ਼ ਨਹੀਂ ਮਿਲੇਗਾ। 1849 ਵਿੱਚ ਬਰਤਾਨੀਆ ਦੁਆਰਾ ਗੈਰ-ਕਾਨੂੰਨੀ ਢੰਗ ਨਾਲ ਆਪਣੇ ਕਬਜ਼ੇ ਵਿੱਚ ਲਏ ਗਏ ਸਿੱਖ ਹੋਮਲੈਂਡ ਦੀ ਮੁੜ ਸਥਾਪਨਾ ਹੀ ਇੱਕੋ ਇੱਕ ਹੱਲ ਹੈ। ਪੰਜਾਬ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਖਾਲਸਾ ਦੀ ਚੋਣ, ਜਿੱਥੇ ਬਹੁਤੇ ਸਿੱਖ ਰਹਿੰਦੇ ਹਨ, ਜੂਨ 1984 ਦੇ ਕਤਲੇਆਮ ਤੋਂ ਠੀਕ 40 ਸਾਲ ਬਾਅਦ ਵੀ ਸਿੱਖ ਵਤਨ ਵਿੱਚ ਆਜ਼ਾਦੀ ਦੀ ਲਹਿਰ ਅੱਜ ਬਹੁਤ ਜ਼ਿੰਦਾ ਹੈ ਅਤੇ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸਿੱਖ ਇੱਕ ਪ੍ਰਭੂਸੱਤਾ ਸੰਪੰਨ ਲੋਕ ਹਨ ਅਤੇ ਆਜ਼ਾਦੀ ਅਤੇ ਅਜ਼ਾਦੀ ਲਈ ਜਾਇਜ਼ ਸਿੱਖ ਸੰਘਰਸ਼ ਨੂੰ ਸਮਝਣ ਅਤੇ ਸਮਰਥਨ ਕਰਨ ਲਈ ਦੁਨੀਆ ਭਰ ਦੀਆਂ ਸਰਕਾਰਾਂ ਅਤੇ ਜਨਤਾ ਦੇ ਦਿਲਾਂ ਅਤੇ ਦਿਮਾਗਾਂ ਨੂੰ ਜਿੱਤਣ ਦਾ ਭਰੋਸਾ ਰੱਖਦੇ ਹਨ। ਭਾਰਤ ਸਰਕਾਰ ਦੇ ਪ੍ਰਚਾਰ ਅਤੇ ਸਿੱਖ ਕਾਰਕੁਨਾਂ ਦੀਆਂ ਗਤੀਵਿਧੀਆਂ ਨੂੰ ਰੋਕਣ ਲਈ ਸਰਕਾਰਾਂ 'ਤੇ ਦਬਾਅ ਦੇ ਬਾਵਜੂਦ, ਪਰਵਾਸੀਆਂ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਵਾਲਾ ਅੰਤਰ-ਰਾਸ਼ਟਰੀ ਜਬਰ ਉਨ੍ਹਾਂ ਦੇ ਚਿਹਰਿਆਂ 'ਤੇ ਉੱਡ ਰਿਹਾ ਹੈ। ਰਿਸ਼ੀ ਸੁਨਕ ਦੀ ਅਗਵਾਈ ਵਾਲੀ ਯੂਕੇ ਸਰਕਾਰ ਦੁਆਰਾ ਜੋ ਭਾਰਤ ਨਾਲ ਵਪਾਰਕ ਸੌਦੇ ਲਈ ਬੇਤਾਬ ਸੀ।" ਸੁਨਕ ਭਾਰਤ ਨੂੰ ਖੁਸ਼ ਕਰਨ ਲਈ ਪਿੱਛੇ ਵੱਲ ਝੁਕਿਆ ਹੈ ਅਤੇ ਬ੍ਰਿਟਿਸ਼ ਸਿੱਖਾਂ ਨੂੰ ਝੂਠਾ ਭੂਤ ਬਣਾ ਕੇ ਆਪਣਾ ਨਿੱਜੀ ਪੱਖਪਾਤ ਦਿਖਾਇਆ ਹੈ ਕਿਉਂਕਿ ਉਹ ਅਜਿਹਾ ਬਰਦਾਸ਼ਤ ਨਹੀਂ ਕਰ ਸਕਦਾ ਸੀ। ਅਵਤਾਰ ਸਿੰਘ ਖੰਡਾ ਦੀ ਮੌਤ ਸਮੇਤ ਬ੍ਰਿਟੇਨ ਦੀ ਧਰਤੀ 'ਤੇ ਭਾਰਤ ਸਰਕਾਰ ਦੀਆਂ ਗਤੀਵਿਧੀਆਂ ਨੂੰ ਲੈ ਕੇ ਕੈਨੇਡਾ ਦੇ ਤੌਰ 'ਤੇ ਭਾਰਤ ਦੇ ਨਾਲ ਇੱਕ ਤਰ੍ਹਾਂ ਦਾ ਝਗੜਾ ਹੋਇਆ ਹੈ। ਆਉਣ ਵਾਲੀ ਲੇਬਰ ਸਰਕਾਰ ਕੋਲ ਬ੍ਰਿਟਿਸ਼ ਸਿੱਖਾਂ ਦੇ ਨਾਲ ਖੜ੍ਹਨ ਦਾ ਮੌਕਾ ਹੈ ਜਾਂ ਸਾਨੂੰ ਵੇਚਣਾ ਜਾਰੀ ਰੱਖਣਗੇ । ਸਾਡਾ ਮੰਨਣਾ ਹੈ ਕਿ ਲੇਬਰ ਲੀਡਰਸ਼ਿਪ ਦੇ ਅੰਦਰ ਸਿਧਾਂਤਾਂ ਵਾਲੇ ਕਾਫ਼ੀ ਚੰਗੇ ਲੋਕ ਹਨ ਜਿਨ੍ਹਾਂ ਕੋਲ ਸਾਡੇ ਨਾਲ ਖੜੇ ਹੋਣ ਦੀ ਤਾਕਤ ਅਤੇ ਹਿੰਮਤ ਹੋਵੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

## ਗੁ: ਗੁਰੂ ਕੀ ਬੇਰ ਸਾਹਿਬ ਵਿਖੇ ਸਮਾਗਮ 22 ਜੂਨ : ਸੰਤ ਬਾਬਾ ਸੱਜਣ ਸਿੰਘ ਜੀ




**ਚੌਕ ਮਹਿਤਾ, 18 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬੋਪਾਰਾਏ ਮੱਤੇਵਾਲ ਦੇ ਮੁੱਖੀ ਸੰਤ ਬਾਬਾ ਸੱਜਣ ਸਿੰਘ ਜੀ ਅਗਵਾਈ ਹੇਠ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਵਤਾਰ ਪੁਰਬ ਦੀਆਂ ਖੁਸੀਆਂ ਵਿੱਚ 22 ਜੂਨ 2024 ( 9ਹਾੜ) ਦਿਨ ਸ਼ਨੀਵਾਰ ਨੂੰ ਸਵੇਰੇ ਵੱਲ ਵਜੇ ਤੋਂ 12 ਤੱਕ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਦੇ ਗੁਬਿੰਦ ਉੱਤੇ ਸੋਨੇ ਦੇ ਕਲਛ ਦੀ ਸੇਵਾ ਸਮੂਹ ਇਲਾਕਾ ਨਿਵਾਸੀ ਸੰਗਤਾ ਸਹਿਯੋਗ ਨਾਲ ਕੀਤੀ ਜਾਵੇਗੀ। ਆਪ ਜੀ ਬੇਨਤ ਹੈਂ ਕਿ ਸਮਾਗਮ ਵਿੱਚ ਸ਼ਾਮਿਲ ਹੋਣ ਕਿਰਪਾਲਤਾ ਕਰਨੀ ਦੀ ਇਸ ਦੌਰਾਨ ਗੁਰੂ ਜੀ ਕਾ ਲੰਗਰ ਅਟੁੱਟ ਵਰਤੇਗਾ

ਆਵਾਜ਼ਿ ਕੌਮ AWAZE QAUM International Newspaper & WEB TV

## ਜਲੰਧਰ ਪੱਛਮੀ ਤੋਂ ਭਾਜਪਾ ਨੇ ਸ਼ੀਤਲ ਅੰਗੂਰਾਲ ਨੂੰ ਉਮੀਦਵਾਰ

**ਜਲੰਧਰ, 17 ਜੂਨ (ਆਵਾਜ਼ਿ ਕੌਮ ਬਿਊਰੋ)**-ਭਾਰਤੀ ਜਨਤਾ ਪਾਰਟੀ ਨੇ ਜਲੰਧਰ ਪੱਛਮੀ ਤੋਂ ਉਮੀਦਵਾਰ ਦੇ ਨਾਂਅ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਨੇ ਸ਼ੀਤਲ ਅੰਗੂਰਾਲ ਨੂੰ ਉਮੀਦਵਾਰ ਬਣਾਇਆ ਹੈ। ਦੱਸ ਦਈਏ ਕਿ ਸ਼ੀਤਲ ਅੰਗੂਰਾਲ ਵੱਲੋਂ ਅਸਤੀਫ਼ਾ ਦਿੱਤੇ ਜਾਣ ਤੋਂ ਬਾਅਦ ਹੀ ਇਹ ਸੀਟ ਖਾਲੀ ਹੋਈ ਸੀ ਪਰ ਹੁਣ ਭਾਜਪਾ ਵੱਲੋਂ ਸ਼ੀਤਲ ਅੰਗੂਰਾਲ ਨੂੰ ਉਮੀਦਵਾਰ ਬਣਾਇਆ ਗਿਆ ਹੈ। ਇਸ ਤੋਂ ਪਹਿਲਾਂ ਸ਼ੀਤਲ ਅੰਗੂਰਾਲ ਆਮ ਆਦਮੀ ਪਾਰਟੀ ਤੋਂ ਵਿਧਾਇਕ ਸਨ। ਜ਼ਿਕਰ ਕਰ ਦਈਏ ਕਿ ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਜਲੰਧਰ ਵੈਸਟ ਤੋਂ ਜ਼ਿਮਨੀ ਚੋਣ ਲਈ ਆਪਣੇ ਉਮੀਦਵਾਰ ਦਾ ਐਲਾਨ ਕਰ ਦਿੱਤਾ ਹੈ। ਆਮ ਆਦਮੀ ਪਾਰਟੀ ਨੇ ਮੋਹਿੰਦਰ ਭਗਤ ਨੂੰ ਜਲੰਧਰ ਵੈਸਟ ਤੋਂ ਆਪਣਾ ਉਮੀਦਵਾਰ ਬਣਾਇਆ ਹੈ। ਦੱਸ ਦਈਏ ਕਿ ਮੋਹਿੰਦਰ ਭਗਤ ਸਾਬਕਾ ਮੰਤਰੀ ਚੁੰਨੀ ਲਾਲ ਭਗਤ ਦੇ ਬੇਟੇ ਹਨ। ਇਸ ਵਾਰ 'ਆਪ' ਨੇ ਭਾਜਪਾ ਛੱਡਣ ਵਾਲੇ ਮਹਿੰਦਰ ਭਗਤ ਨੂੰ ਟਿਕਟ ਦਿੱਤੀ ਹੈ। ਮਹਿੰਦਰ ਭਗਤ ਭਾਜਪਾ ਦੇ ਸਾਬਕਾ ਮੰਤਰੀ ਚੂਨੀ ਲਾਲ ਭਗਤ ਦੇ ਪੁੱਤਰ ਹਨ। ਜਲੰਧਰ ਪੱਛਮੀ ਹਲਕੇ ਵਿੱਚ ਉਨ੍ਹਾਂ ਦੀ ਮਜ਼ਬੂਤ ਪਕੜਹੈ। ਜ਼ਿਕਰ ਕਰ ਦਈਏ ਕਿ ਸ਼ੀਤਲ ਅੰਗੁਰਾਲ2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਵਿਧਾਇਕ ਸਨ ਉਨ੍ਹਾਂ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਉਹ ਆਮ ਆਦਮੀ ਪਾਰਟੀ ਨੂੰ ਛੱਡ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ। ਪਾਰਟੀ 'ਚ ਸ਼ਾਮਲ ਹੋਣ ਤੋਂ ਪਹਿਲਾਂ ਸ਼ੀਤਲ ਅੰਗੁਰਾਲ ਨੇ ਆਪਣੇ ਵਿਧਾਇਕ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ ਪਰ ਵੋਟਾਂ ਪੈਣ ਸਾਰ ਹੀ ਅੰਗੁਰਾਲ ਨੇ ਕਿਹਾ ਸੀ ਕਿ ਉਹ ਅਸਤੀਫ਼ਾ ਵਾਪਸ ਲੈ ਰਹੇ ਹਨ ਪਰ ਇਸ ਤੋਂ ਪਹਿਲਾਂ ਹੀ ਉਨ੍ਹਾਂ ਦਾ ਅਸਤੀਫ਼ਾ ਮਨਜ਼ੂਰ ਹੋ ਗਿਆ ਸੀ ਜਿਸ ਤੋਂ ਬਾਅਦ ਹੁਣ ਉੱਥੇ ਚੋਣਾਂ ਹੋਣ ਜਾ ਰਹੀਆਂ ਹਨ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਜਾਣਕਾਰੀ ਦਿੱਤੀ ਹੈ ਕਿ ਜਲੰਧਰ ਪੱਛਮੀ (ਐਸ.ਸੀ) ਦੀ ਜ਼ਿਮਨੀ ਚੋਣ ਲਈ 10 ਜੁਲਾਈ ਨੂੰ ਵੋਟਾਂ ਪੈਣਗੀਆਂ। ਇਸ ਬਾਬਤ ਭਾਰਤੀ ਚੋਣ ਕਮਿਸ਼ਨ ਵੱਲੋਂ ਚੋਣ ਪ੍ਰੋਗਰਾਮ ਜਾਰੀ ਕਰ ਦਿੱਤਾ ਗਿਆ ਹੈ। ਸਿਬਿਨ ਸੀ ਨੇ ਦੱਸਿਆ ਕਿ 14 ਜੂਨ (ਸ਼ੁੱਕਰਵਾਰ) ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ ਅਤੇ ਨਾਮਜ਼ਦਗੀਆਂ ਭਰਨ ਦੀ ਆਖਰੀ ਮਿਤੀ 21 ਜੂਨ (ਸ਼ੁੱਕਰਵਾਰ) ਹੋਵੇਗੀ। ਨਾਮਜ਼ਦਗੀ ਪੱਤਰਾਂ ਦੀ ਪੜਤਾਲ 24 ਜੂਨ (ਸੋਮਵਾਰ) ਨੂੰ ਕੀਤੀ ਜਾਵੇਗੀ ਜਦਕਿ ਨਾਮਜ਼ਦਗੀ ਪੱਤਰ ਵਾਪਿਸ ਲੈਣ ਦੀ ਅੰਤਿਮ ਤਾਰੀਖ 26 ਜੂਨ (ਬੁੱਧਵਾਰ) ਹੈ। ਉਨ੍ਹਾਂ ਦੱਸਿਆ ਕਿ 10 ਜੁਲਾਈ (ਬੁੱਧਵਾਰ) ਨੂੰ ਵੋਟਾਂ ਪੈਣਗੀਆਂ ਅਤੇ 13 ਜੁਲਾਈ (ਸ਼ਨੀਵਾਰ) ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਨਤੀਜਾ ਐਲਾਨਿਆ ਜਾਵੇਗਾ।



## ਜਲੰਧਰ ਜ਼ਿਮਨੀ ਚੋਣ 'ਚ ਕਾਂਗਰਸੀ ਟਿਕਟ ਦੇ ਦਾਅਵੇਦਾਰਾਂ ਦੀ ਫ਼ੌਜ 'ਚ ਬਗਾਵਤ ਦੀ ਸੰਭਾਵਨਾ




**ਜਲੰਧਰ, 17 ਜੂਨ (ਆਵਾਜ਼ਿ ਕੌਮ ਬਿਊਰੋ)**-ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ ਨੂੰ ਲੈ ਕੇ ਕਾਂਗਰਸ ਪਾਰਟੀ ਵੱਲੋਂ ਟਿਕਟ ਦੇ ਦਾਅਵੇਦਾਰਾਂ ਦੀ ਫ਼ੌਜ ਵਿਚ ਬਗਾਵਤ ਦੀ ਸੰਭਾਵਨਾ ਤੋਂ ਖੌਫਜ਼ਦਾ ਸੀਨੀਅਰ ਆਗੂ ਲਗਾਤਾਰ ਮੰਥਨ ਵਿਚ ਜੁਟੇ ਹੋਏ ਹਨ ਅਤੇ ਦਾਅਵੇਦਾਰਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਪੱਖ ਸੁਣ ਰਹੇ ਹਨ ਤਾਂ ਕਿ ਉਨ੍ਹਾਂ ਵਿਚ ਭਰੋਸਾ ਕਾਇਮ ਕੀਤਾ ਜਾ ਸਕੇ ਕਿ ਪਾਰਟੀ ਨੇ ਸਾਰਿਆਂ ਦੀ ਗੱਲ ਸੁਣ ਕੇ ਹੀ ਅੰਤਿਮ ਪੈਨਲ ਹਾਈਕਮਾਨ ਨੂੰ ਭੇਜਣਾ ਹੈ, ਜਿਨ੍ਹਾਂ ਵਿਚੋਂ ਇਕ ਖ਼ੁਸ਼ਿਕਸਮਤ ਹੀ ਉਮੀਦਵਾਰ ਬਣੇਗਾ। ਇਸੇ ਲੜੀ ਤਹਿਤ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਅਤੇ ਜ਼ਿਲ੍ਹਾ ਕਾਂਗਰਸ ਸ਼ਹਿਰੀ ਦੇ ਪ੍ਰਧਾਨ ਰਜਿੰਦਰ ਬੇਰੀ ਨੇ ਹੱਥ ਖੜ੍ਹੇ ਕਰਦੇ ਹੋਏ ਟਿਕਟ ਦੀ ਗੇਂਦ ਪੰਜਾਬ ਪ੍ਰਦੇਸ਼ ਕਾਂਗਰਸ ਦੇ ਇੰਚਾਰਜ ਅਤੇ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਰਾਜਾ ਵੜਿੰਗ ਦੇ ਪਾਲੇ ਵਿਚ ਪਾ ਦਿੱਤੀ ਹੈ। ਬੀਤੇ ਦਿਨ ਦੇਵੇਂਦਰ ਯਾਦਵ ਅਤੇ ਰਾਜਾ ਵੜਿੰਗ ਜੀ. ਟੀ. ਰੋਡ 'ਤੇ ਸਥਿਤ ਇਕ ਹੋਟਲ ਵਿਚ ਪਹੁੰਚੇ, ਜਿੱਥੇ ਉਨ੍ਹਾਂ ਸਾਰੇ ਦਾਅਵੇਦਾਰਾਂ ਨਾਲ ਵਨ-ਟੂ-ਵਨ ਮੀਟਿੰਗ ਕੀਤੀ। ਸੂਬਾ ਇੰਚਾਰਜ ਅਤੇ ਸੂਬਾ ਪ੍ਰਧਾਨ ਨੇ ਬੰਦ ਕਮਰੇ ਵਿਚ ਇਕ-ਇਕ ਦਾਅਵੇਦਾਰ ਨੂੰ ਬੁਲਾਇਆ ਅਤੇ ਉਨ੍ਹਾਂ ਤੋਂ ਟਿਕਟ ਹਾਸਲ ਕਰਨ ਸਬੰਧੀ ਉਨ੍ਹਾਂ ਦੀ ਦਾਅਵੇਦਾਰੀ ਦੇ ਮਜ਼ਬੂਤ ਦੇ ਆਧਾਰ, ਜਾਤੀ ਵਰਗ, ਕਾਂਗਰਸ ਪ੍ਰਤੀ ਸੇਵਾਵਾਂ ਅਤੇ ਹੋਰਨਾਂ ਗੱਲਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਇਸ ਦੌਰਾਨ ਸੰਸਦ ਮੈਂਬਰ ਚੰਨੀ ਅਤੇ ਜ਼ਿਲ੍ਹਾ ਪ੍ਰਧਾਨ ਬੇਰੀ ਵੀ ਮੌਜੂਦ ਰਹੇ। ਲਗਭਗ 3 ਘੰਟੇ ਦੀ ਲੰਮੀ ਕਵਾਇਦ ਤੋਂ ਬਾਅਦ ਸੀਨੀਅਰ ਆਗੂਆਂ ਨੇ ਦਾਅਵੇਦਾਰਾਂ ਨੂੰ ਸਿਰਫ਼ ਦਿਲਾਸਾ ਦਿੱਤਾ ਕਿ ਉਹ ਹੋਈ ਇੰਟਰਵਿਊ ਤੋਂ ਬਾਅਦ ਮਜ਼ਬੂਤ 3 ਦਾਅਵੇਦਾਰਾਂ ਦੇ ਨਾਵਾਂ ਦਾ ਪੈਨਲ ਆਲ ਇੰਡੀਆ ਕਾਂਗਰਸ ਪ੍ਰਧਾਨ ਨੂੰ ਭੇਜਣਗੇ ਅਤੇ ਉਹੀ ਟਿਕਟ ਦੇ ਉਮੀਦਵਾਰ ਦੇ ਨਾਂ 'ਤੇ ਆਖ਼ਰੀ ਮੋਹਰ ਲਾਉਣਗੇ। ਇਸ ਤੋਂ ਇਲਾਵਾ ਦਾਅਵੇਦਾਰਾਂ ਤੋਂ ਪੁੱਛਿਆ ਜਾਂਦਾ ਰਿਹਾ ਕਿ ਜੇਕਰ ਉਨ੍ਹਾਂ ਨੂੰ ਟਿਕਟ ਨਹੀਂ ਦਿੱਤੀ ਜਾਂਦੀ ਤਾਂ ਉਨ੍ਹਾਂ ਦੇ ਵਿਚਾਰ ਅਨੁਸਾਰ ਹੋਰ ਕਿਹੜਾ ਮਜ਼ਬੂਤ ? ?ਦਾਅਵੇਦਾਰ ਹੈ ਜੋ ਟਿਕਟ ਦਿੱਤੇ ਜਾਣ 'ਤੇ ਚੋਣ ਜਿੱਤ ਸਕਦਾ ਹੈ। ਸੂਬਾ ਇੰਚਾਰਜ ਅਤੇ ਪ੍ਰਧਾਨ ਦਾਅਵੇਦਾਰਾਂ ਨਾਲ ਮੁਲਾਕਾਤ ਦੌਰਾਨ ਉਨ੍ਹਾਂ ਨੂੰ ਏਕਤਾ ਅਤੇ ਜਿਸ ਕਿਸੇ ਇਕ ਨੂੰ ਟਿਕਟ ਮਿਲਦੀ ਹੈ ਤਾਂ ਉਸ ਦਾ ਸਮਰਥਨ ਕਰਨ ਦਾ ਪਾਠ ਪੜ੍ਹਾਉਂਦੇ ਰਹੇ। ਅੱਜ ਇਕ ਵਾਰ ਫਿਰ ਇੰਟਰਵਿਊ ਦੀ ਕਵਾਇਦ ਸਬੰਧੀ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਕੁਝ ਦਾਅਵੇਦਾਰਾਂ ਨੇ ਕਿਹਾ ਕਿ ਇਕ ਤੋਂ ਬਾਅਦ ਇਕ ਮੀਟਿੰਗਾਂ ਕਰਨਾ ਸਿਰਫ਼ ਸਾਡਾ ਆਈ ਵਾਸ਼ ਕਰਨ ਅਤੇ ਸਾਨੂੰ ਮੂਰਖ ਬਣਾਉਣ ਲਈ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਸੰਸਦ ਮੈਂਬਰ ਚੰਨੀ ਅਤੇ ਜ਼ਿਲ੍ਹਾ ਪ੍ਰਧਾਨ ਇਕ-ਇਕ ਕਰਕੇ ਸਾਰੇ ਦਾਅਵੇਦਾਰਾਂ ਨਾਲ ਮੀਟਿੰਗ ਕਰ ਚੁੱਕੇ ਹਨ ਤਾਂ ਫਿਰ ਸੂਬਾ ਇੰਚਾਰਜ ਅਤੇ ਪ੍ਰਧਾਨ ਵੱਲੋਂ ਅੱਜ ਮੀਟਿੰਗ ਕਰਨ ਦੀ ਕੋਈ ਤੁੱਕ ਨਹੀਂ ਹੈ।

## ਜਲੰਧਰ ਵੈਸਟ ਤੋਂ ਆਪ ਨੇ ਐਲਾਨਿਆ ਉਮੀਦਵਾਰ, ਮੋਹਿੰਦਰ ਭਗਤ 'ਤੇ ਖੇਡਿਆ ਦਾਅ



**ਜਲੰਧਰ, 17 ਜੂਨ (ਆਵਾਜ਼ਿ ਕੌਮ ਬਿਊਰੋ)**-ਆਮ ਆਦਮੀ ਪਾਰਟੀ ਨੇ ਜਲੰਧਰ ਵੈਸਟ ਤੋਂ ਜ਼ਿਮਨੀ ਚੋਣ ਲਈ ਆਪਣੇ ਉਮੀਦਵਾਰ ਦਾ ਐਲਾਨ ਕਰ ਦਿੱਤਾ ਹੈ। ਆਮ ਆਦਮੀ ਪਾਰਟੀ ਨੇ ਮੋਹਿੰਦਰ ਭਗਤ ਨੂੰ ਜਲੰਧਰ ਵੈਸਟ ਤੋਂ ਆਪਣਾ ਉਮੀਦਵਾਰ ਬਣਾਇਆ ਹੈ। ਦੱਸ ਦਈਏ ਕਿ ਮੋਹਿੰਦਰ ਭਗਤ ਸਾਬਕਾ ਮੰਤਰੀ ਚੁੰਨੀ ਲਾਲ ਭਗਤ ਦੇ ਬੇਟੇ ਹਨ। ਦੱਸ ਦਈਏ ਕਿ ਇਸ ਵਾਰ 'ਆਪ' ਨੇ ਭਾਜਪਾ ਛੱਡਣ ਵਾਲੇ ਮਹਿੰਦਰ ਭਗਤ ਨੂੰ ਟਿਕਟ ਦਿੱਤੀ ਹੈ। ਮਹਿੰਦਰ ਭਗਤ ਭਾਜਪਾ ਦੇ ਸਾਬਕਾ ਮੰਤਰੀ ਚੂਨੀ ਲਾਲ ਭਗਤ ਦੇ ਪੁੱਤਰ ਹਨ। ਜਲੰਧਰ ਪੱਛਮੀ ਹਲਕੇ ਵਿੱਚ ਉਨ੍ਹਾਂ ਦੀ ਮਜ਼ਬੂਤ ? ?ਪਕੜ ਹੈ। ਜ਼ਿਕਰ ਕਰ ਦਈਏ ਕਿ ਸ਼ੀਤਲ ਅੰਗੁਰਾਲ2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਵਿਧਾਇਕ ਸਨ ਉਨ੍ਹਾਂ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਉਹ ਆਮ ਆਦਮੀ ਪਾਰਟੀ ਨੂੰ ਛੱਡ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ। ਪਾਰਟੀ 'ਚ ਸ਼ਾਮਲ ਹੋਣ ਤੋਂ ਪਹਿਲਾਂ ਸ਼ੀਤਲ ਅੰਗੁਰਾਲ ਨੇ ਆਪਣੇ ਵਿਧਾਇਕ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ ਪਰ ਵੋਟਾਂ ਪੈਣ ਸਾਰ ਹੀ ਅੰਗੁਰਾਲ ਨੇ ਕਿਹਾ ਸੀ ਕਿ ਉਹ ਅਸਤੀਫ਼ਾ ਵਾਪਸ ਲੈ ਰਹੇ ਹਨ ਪਰ ਇਸ ਤੋਂ ਪਹਿਲਾਂ ਹੀ ਉਨ੍ਹਾਂ ਦਾ ਅਸਤੀਫ਼ਾ ਮਨਜ਼ੂਰ ਹੋ ਗਿਆ ਸੀ ਜਿਸ ਤੋਂ ਬਾਅਦ ਹੁਣ ਉੱਥੇ ਚੋਣਾਂ ਹੋਣ ਜਾ ਰਹੀਆਂ ਹਨ। ਪੰਜਾਬ 'ਚ ਲੋਕ ਸਭਾ ਚੋਣਾਂ 'ਚ ਮਿਸ਼ਨ 13-0 ਦੀ ਅਸਫਲਤਾ ਤੋਂ ਬਾਅਦ ਆਮ ਆਦਮੀ ਪਾਰਟੀ (AAP) ਸਰਕਾਰ ਦੀ ਭਰੋਸੇਯੋਗਤਾ ਦਾਅ 'ਤੇ ਲੱਗ ਗਈ ਹੈ। ਸਿਰਫ਼ 3 ਲੋਕ ਸਭਾ ਸੀਟਾਂ ਜਿੱਤਣ ਤੋਂ ਬਾਅਦ ਹੁਣ ਸਿਰਫ਼ ਇੱਕ ਵਿਧਾਨ ਸਭਾ ਸੀਟ 'ਆਪ' ਦਾ ਅਕਸ ਸੁਧਾਰ ਸਕਦੀ ਹੈ। ਇਹ ਸੀਟ ਜਲੰਧਰ ਪੱਛਮੀ ਵਿਧਾਨ ਸਭਾ (jalandhar west) ਨਾਲ ਸਬੰਧਤ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

## ਪਿੰਡ ਧਾਰੀਵਾਲ ਵਿਖੇ ਬਾਬਾ ਭਜਾਣਾ ਸਾਹਿਬ ਜੀ ਦਾ

# ਸਲਾਨਾ ਜੋੜ ਮੇਲਾ ਮਨਾਇਆ




**ਪੱਟੀ, 17 ਜੂਨ (ਆਵਾਜ਼ਿ ਕੌਮ ਬਿਊਰੋ)**-ਸਬ ਡਵੀਜ਼ਨ ਪੱਟੀ ਦੇ ਨਜ਼ਦੀਕ ਪਿੰਡ ਧਾਰੀਵਾਲ ਵਿਖੇ ਧਾਲੀਵਾਲ ਭਾਈਚਾਰੇ ਦੇ ਵੱਡੇ ਵਡੇਰੇ ਮਹਾਂਪੁਰਖ ਬਾਬਾ ਸਿੱਧ ਭੋਈ ਜੀ ਧਾਲੀਵਾਲ ਦੇ ਪਾਵਨ ਪਵਿੱਤਰ ਅਸਥਾਨ ਗੁਰਦੁਆਰਾ ਬਾਬਾ ਭਜਾਣਾ ਸਾਹਿਬ ਜੀ ਵਿਖੇ ਹਰ ਸਾਲ ਦੀ ਤਰ੍ਹਾਂ ਮਨਾਇਆ ਜਾਂਦਾ ਸਲਾਨਾ ਜੋੜ ਮੇਲਾ ਅਤੇ ਕਬੱਡੀ ਸ਼ੋਅ ਮੈਚ ਸਮੂਹ ਧਾਲੀਵਾਲ ਭਾਈਚਾਰੇ ਅਤੇ ਇਲਾਕਾ ਨਿਵਾਸੀ ਸੰਗਤਾਂ ਦੇ ਵੱਡਮੁੱਲੇ ਸਹਿਯੋਗ ਸਦਕਾ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਕਰਵਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬਾਂ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨਾਂ ਵਿੱਚ ਸੰਤ ਬਾਬਾ ਅਵਤਾਰ ਸਿੰਘ ਮੁੱਖੀ ਸੰਪਰਦਾਇ ਦਲ ਬਾਬਾ ਬਿਧੀ ਚੰਦ ਜੀ,ਸੰਤ ਬਾਬਾ ਲਖਬੀਰ ਸਿੰਘ ਰਤਵਾੜਾ ਸਾਹਿਬ,ਬਾਬਾ ਸ਼ਿੰਦਰ ਸਿੰਘ ਫਤਹਿਗੜ੍ਹ ਸਭਰਾਵਾਂ ਵਾਲੇ,ਬਾਬਾ ਹਰਵਿੰਦਰ ਸਿੰਘ ਝਾੜ ਸਾਹਿਬ, ਨਿਸ਼ਕਾਮ ਕੀਰਤਨੀ ਜਥਾ ਭਾਈ ਸੁਖਵਿੰਦਰ ਸਿੰਘ ਧਾਲੀਵਾਲ, ਕਵੀਸ਼ਰ ਜੱਥਾ ਭਾਈ ਗੁਰਜੰਟ ਸਿੰਘ ਬੈਂਕਾਂ, ਗੁਰਚਰਨ ਸਿੰਘ ਚੰਨ ਧਾਲੀਵਾਲ,ਢਾਡੀ ਗੁਰਭੇਜ ਸਿੰਘ ਚਵਿੰਡਾ,ਭਾਈ ਅਵਤਾਰ ਸਿੰਘ ਧਾਲੀਵਾਲ,ਭਾਈ ਕੇਵਲ ਸਿੰਘ ਮਹਿਤਾ ਦੇ ਜੱਥਿਆਂ ਵੱਲੋਂ ਸੰਗਤਾਂ ਨੂੰ ਗੁਰਬਾਣੀ,ਸਿੱਖ ਇਤਿਹਾਸ 'ਤੇ ਧਾਲੀਵਾਲ ਭਾਈਚਾਰੇ ਦੀ ਵਿਰਾਸਤ ਦਾ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਧਾਲੀਵਾਲ ਸਪੋਰਟਸ ਕਲੱਬ ਦੇ ਮੁੱਖ ਸੇਵਾਦਾਰ, ਉੱਘੇ ਖੇਡ ਪ੍ਰਮੋਟਰ ਪ੍ਰਭਜੋਤ ਸਿੰਘ ਪ੍ਰਭ ਧਾਲੀਵਾਲ ਨੇ ਧਾਲੀਵਾਲ ਭਾਈਚਾਰੇ ਅਤੇ ਇਲਾਕਾ ਨਿਵਾਸੀ ਸੰਗਤਾਂ ਦਾ ਤਨ ਮਨ ਧਨ ਨਾਲ ਵਧ ਚੜ੍ਹਕੇ ਸਹਿਯੋਗ ਦੇਣ ਲਈ ਧੰਨਵਾਦ ਕਰਦੇ ਹੋਏ ਮੇਲੇ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਣ ਲਈ ਵਧਾਈ ਦਿੱਤੀ। ਗੁਰਦੁਆਰਾ ਬਾਬਾ ਭਜਾਣਾ ਸਾਹਿਬ ਜੀ ਦੇ ਸੇਵਾਦਾਰਾਂ,ਸੇਵਕਾਂ ਵੱਲੋਂ ਗੁਰੂ ਕੇ ਲੰਗਰ ਭੰਡਾਰੇ, ਚਾਹ ਪਕੌੜੇ 'ਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਦੀ ਸੇਵਾਵਾਂ ਚੜ੍ਹਦੀ ਕਲਾਂ 'ਤੇ ਸੇਵਾ ਭਾਵਨਾ ਨਾਲ ਨਿਭਾਈਆਂ ਗਈਆਂ, ਧਾਰਮਿਕ ਦੀਵਾਨਾਂ ਦੀ ਸਮਾਪਤੀ ਉਪਰੰਤ ਪੰਜਾਬੀਆਂ ਦੀ ਮਹਿਬੂਬ ਖੇਡ ਕਬੱਡੀ ਦਾ ਬਹੁਤ ਵੱਡਾ ਕਬੱਡੀ ਸ਼ੋਅ ਬਾਬਾ ਭਜਾਣਾ ਸਾਹਿਬ ਕਬੱਡੀ ਕਲੱਬ ਅਤੇ ਘਰਿਆਲਾ ਕਬੱਡੀ ਕਲੱਬ ਦੀਆਂ ਟੀਮਾਂ ਦਰਮਿਆਨ ਖੇਡਿਆ ਗਿਆ ਜੋ ਕਿ ਬਾਬਾ ਭਜਾਣਾ ਸਾਹਿਬ ਜੀ ਕਬੱਡੀ ਕਲੱਬ ਧਾਰੀਵਾਲ (ਕੋਚ ਕਾਲੂ ਭਲਵਾਨ) ਨੇ 35-32 ਅੰਕਾਂ ਦੇ ਫਰਕ ਨਾਲ ਘਰਿਆਲਾ ਕਲੱਬ ਨੂੰ ਹਰਾ ਕੇ ਜਿੱਤਿਆ ਛੋਟੇ ਬੱਚਿਆਂ 'ਤੇ ਕਬੱਡੀ ਦੇ ਉੱਭਰਦੇ ਪਹਿਲਵਾਨਾਂ ਦੇ ਕਬੱਡੀ ਸ਼ੋ ਮੈਚ ਨੇ ਵੀ ਦਰਸ਼ਕਾਂ ਨੂੰ ਨੱਚਣ ਲਗਾ ਦਿੱਤਾ ਪੰਜਾਬ ਦੀਆਂ ਵਿਰਾਸਤੀ ਪੇਂਡੂ ਖੇਡਾਂ ਦਾ ਪ੍ਰਦਰਸ਼ਨ ਵੀ ਖਿਡਾਰੀਆਂ ਵੱਲੋਂ ਕਰਕੇ ਪੁਰਾਤਨ ਪੰਜਾਬ ਦੇ ਸਭਿਆਚਾਰ ਦੀਆਂ ਝਲਕੀਆਂ ਪੇਸ਼ ਕਰਕੇ ਵਿਲੱਖਣ ਰੰਗ ਬੰਨ੍ਹ ਦਿੱਤਾ ਜੇਤੂ ਟੀਮਾਂ ਦੇ ਖਿਡਾਰੀਆਂ ਨੂੰ ਬਾਬਾ ਭਜਾਣਾ ਸਾਹਿਬ ਜੀ ਮੇਲਾ ਸੇਵਾਦਾਰਾਂ ਵੱਲੋਂ ਨਗਦ ਇਨਾਮ 'ਤੇ ਸ਼ੀਲਡਾਂ ਦੇ ਕੇ ਸਨਮਾਨਿਤ ਕੀਤਾ ਗਿਆ। ਕਬੱਡੀ ਮੈਚਾਂ ਦੀ ਕਮੈਂਟਰੀ ਹਰਦਿਆਲ ਸਿੰਘ, ਗੁਰਿੰਦਰ ਸਿੰਘ ਸੁੱਗਾ ਵੱਲੋਂ ਕੀਤੀ ਗਈ ਇਸ ਮੌਕੇ ਗੁਰਦੁਆਰਾ ਬਾਬਾ ਭਜਾਣਾ ਸਾਹਿਬ ਜੀ ਦੇ ਮੁੱਖ ਸੇਵਾਦਾਰ ਬਾਬਾ ਜਸਬੀਰ ਸਿੰਘ ਰੱਬ, ਸਰਪੰਚ ਦਰਸ਼ਨ ਸਿੰਘ ਧਾਲੀਵਾਲ,ਮਨਦੀਪ ਸਿੰਘ, ਸਿਕੰਦਰ ਸਿੰਘ ਧਾਲੀਵਾਲ, ਮਹਿਲ ਸਿੰਘ, ਡਾ ਗੁਰਦਿਆਲ ਸਿੰਘ,ਡਾਕਟਰ ਸਾਹਿਬ ਸਿੰਘ, ਗੁਰਲਾਲ ਸਿੰਘ,ਸੁਖਦੇਵ ਸਿੰਘ,ਰਣਜੀਤ ਸਿੰਘ,ਗੁਰਜੰਟ ਸਿੰਘ,ਸੂਬੇਦਾਰ ਪੂਰਨ ਸਿੰਘ, ਗੁਰਭੇਜ ਸਿੰਘ, ਕੁਲਜੀਤ ਸਿੰਘ ਰੱਬ,ਗੁਰਦੀਪ ਸਿੰਘ,ਗੁਰਪ੍ਰੀਤ ਸਿੰਘ, ਬਲਰਾਮ ਸਿੰਘ,ਸਤਨਾਮ ਸਿੰਘ,ਅਜੈਪਾਲ ਸਿੰਘ, ਗੁਰਨਾਜ਼ ਸਿੰਘ ਧਾਲੀਵਾਲ, ਬਿੱਟੂ ਬੌਸ,ਮਨਪ੍ਰੀਤ ਸਿੰਘ,ਨਰਿੰਦਰ ਸਿੰਘ,ਸਰਬਜੀਤ ਸਿੰਘ,ਅਮਰਜੀਤ ਸਿੰਘ ਮਿੱਠੂ,ਠੇਕੇਦਾਰ ਅਮਰੀਕ ਸਿੰਘ, ਸਟੇਜ ਸਕੱਤਰ ਨਿਰਮਲ ਸਿੰਘ ਅਤੇ ਵੱਡੀ ਤਦਾਦ ਵਿੱਚ ਨਗਰ ਨਿਵਾਸੀ ਅਤੇ ਇਲਾਕੇ ਭਰ ਦੀਆਂ ਸੰਗਤਾਂ ਹਾਜ਼ਰ ਸਨ।

## ਬੇ.ਜੇ.ਪੀ ਨੇ ਪਾਣੀ ਦੀ ਕਿੱਲਤ ਨੂੰ ਲੈ ਕੇ ਜੰਗਪੁਰਾ ਵਿਖੇ

# ਆਪ ਦੇ ਵਿਧਾਇਕ ਦੇ ਦਫ਼ਤਰ ਅੱਗੇ ਕੀਤਾ ਪ੍ਰਦਰਸ਼ਨ



**ਦਿੱਲੀ ਦੇ ਲੋਕ ਪਾਣੀ ਤੋਂ ਪਿਆਸੇ, ਕੇਜਰੀਵਾਲ ਦੇ ਵਿਧਾਇਕ ਆਪਣੀ ਜ਼ਿੰਮੇਵਾਰੀ ਨਹੀਂ ਨਿਭਾ ਰਹੇ: ਤਰਵਿੰਦਰ ਸਿੰਘ ਮਰਵਾਹ**

**ਨਵੀਂ ਦਿੱਲੀ, 17 ਜੂਨ (ਸੁਖਰਾਜ ਸਿੰਘ)**-ਭਾਰਤੀ ਜਨਤਾ ਪਾਰਟੀ ਦਿੱਲੀ ਦੇ ਸੂਬਾ ਪ੍ਰਧਾਨ ਸ਼੍ਰੀ ਵਰਿੰਦਰ ਸਚਦੇਵਾ ਵੱਲੋਂ 70 ਵਿਧਾਨ ਸਭਾਵਾਂ ਵਿੱਚ ਦਿੱਲੀ ਦੀ ਕੇਜਰੀਵਾਲ ਸਰਕਾਰ ਦੇ ਖਿਲਾਫ਼ ਐਲਾਨ ਕੀਤੇ ਗਏ, ਦਿੱਲੀ ਵਿੱਚ ਪਾਣੀ ਦੀ ਕਿੱਲਤ ਨੂੰ ਲੈ ਕੇ ਅੱਜ ਜੰਗਪੁਰਾ ਵਿਧਾਨ ਸਭਾ ਵਿੱਚ ਸਿਧਾਰਥ ਨਗਰ ਮੰਡਲ ਨੇ ਕੇਜਰੀਵਾਲ ਅਤੇ ਵਿਧਾਇਕ ਦੇ ਦਫਤਰ ਅੱਗੇ ਪ੍ਰਦਰਸ਼ਨ ਕੀਤਾ ਗਿਆ, ਜਿਸ ਵਿੱਚ ਜੰਗਪੁਰਾ ਵਿਧਾਨ ਸਭਾ ਦੇ ਇੰਚਾਰਜ ਮਹਿੰਦਰ ਦੀਕਸ਼ਿਤ ਅਤੇ ਲਾਜਪਤ ਮਿਉਂਸਪਲ ਬੋਰਡ ਦੀ ਪ੍ਰਧਾਨ ਨੀਲਮ ਸਹਿਦੇਵ ਅਤੇ ਦਰਿਆਗੰਜ ਦੇ ਪ੍ਰਧਾਨ ਸੰਨੀ ਸਰਵਣ, ਦਿੱਲੀ ਨਗਰ ਨਿਗਮ ਦੇ ਕੌਂਸਲਰ ਸੋਨਾਲੀ ਚੌਧਰੀ, ਦਿੱਲੀ ਨਗਰ ਨਿਗਮ ਦੇ ਕੌਂਸਲਰ ਅਰਜੁਨ ਪਾਲ ਸਿੰਘ ਮਰਵਾਹ, ਸੁਸ਼ੀਲ ਚੌਹਾਨ, ਮੰਗੇ ਰਾਮ, ਵਰਜਗੋਪਾਲ ਬੌਬੀ, ਬੇ.ਜੇ.ਪੀ ਆਗੂ ਤਰਵਿੰਦਰ ਸਿੰਘ ਮਰਵਾਹ ਨੇ ਸੰਬੋਧਨ ਕੀਤਾ। ਇਸ ਮੌਕੇ ਲੋਕਾਂ ਨੇ ਕਿਹਾ ਕਿ ਕੇਜਰੀਵਾਲ ਨੂੰ ਆਪਣੀ ਜ਼ਿੰਮੇਵਾਰੀ ਸਮਝ ਕੇ ਦਿੱਲੀ ਦੇ ਪਿਆਸੇ ਲੋਕਾਂ ਨੂੰ ਜਵਾਬ ਦੇਣਾ ਚਾਹੀਦਾ ਹੈ, ਨਹੀਂ ਤਾਂ ਉਨ੍ਹਾਂ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ। ਤਰਵਿੰਦਰ ਸਿੰਘ ਮਰਵਾਹ ਨੇ ਕਿਹਾ ਕਿ ਦਿੱਲੀ ਦੇ ਲੋਕ ਪਾਣੀ ਤੋਂ ਪਿਆਸੇ ਹਨ ਅਤੇ ਉਹ ਜੇਲ੍ਹ ਵਿੱਚ ਬੈਠੇ ਹਨ ਅਤੇ ਉਨ੍ਹਾਂ ਦੇ ਵਿਧਾਇਕ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਨਹੀਂ ਕਰ ਰਹੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਨਾਮਵਰ ਲੇਖਕ ਪ੍ਰਿੰ: ਬਲਵਿੰਦਰ ਸਿੰਘ ਫਤਹਿਪੁਰੀ ਦੀ ਮੌਤ ਤੇ ਦੁੱਖ ਪ੍ਰਗਟਾਇਆ



**ਚੌਕ ਮਹਿਤਾ, 17 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕ)**-50 ਦੇ ਕਰੀਬ ਕਾਵਿ ਸੰਗ੍ਰਹਿ, ਨਿਬੰਧ, ਸ਼ਬਦ ਚਿੱਤਰ, ਨਾਵਲ ਆਦਿ ਪੁਸਤਕਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਉਣ ਵਾਲੇ ਪੰਜਾਬੀ ਜ਼ੁਬਾਨ ਦੇ ਨਾਮਵਰ ਸਾਹਿਤਕਾਰ ਪ੍ਰਿੰ: ਬਲਵਿੰਦਰ ਸਿੰਘ ਫਤਹਿਪੁਰੀ ਦੀ ਅਚਨਚੇਤੀ ਮੌਤ 'ਤੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਇਕ ਸ਼ੋਕ ਇਕੱਤਰਤਾ ਕੀਤੀ ਗਈ । ਇਸ ਮੌਕੇ ਸਭਾ ਦੇ ਬੁਲਾਰਿਆਂ ਨੇ ਸ੍ਰੀ ਫਤਹਿਪੁਰੀ ਵੱਲੋਂ ਨਿਭਾਈਆਂ ਗਈਆਂ ਸਾਹਿਤਕ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਇਸਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ ਹੈ ਅਤੇ ਉਨ੍ਹਾਂ ਨੂੰ ਦੋ ਮਿੰਟ ਦਾ ਮੋਨ ਧਾਰਕੇ ਸ਼ਰਧਾਂਜ਼ਲੀ ਭੇਟ ਕੀਤੀ ਗਈ । ਇਸ ਮੌਕੇ ਦੁੱਖ ਪ੍ਰਗਟ ਕਰਨ ਵਾਲਿਆਂ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਅਤੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ, ਸਰਪ੍ਰਸਤ ਪ੍ਰਿੰ: ਰਘਬੀਰ ਸਿੰਘ ਸੋਹਲ, ਪ੍ਰਧਾਨ ਸੰਤੋਖ ਸਿੰਘ ਗੁਰਾਇਆ, ਖਜ਼ਾਨਚੀ ਮਾ: ਮਨਜੀਤ ਸਿੰਘ ਵੱਸੀ, ਸੀ: ਮੀਤ ਪ੍ਰਧਾਨ ਡਾ: ਪਰਮਜੀਤ ਸਿੰਘ ਬਾਠ, ਮੱਖਣ ਸਿੰਘ ਭੈਣੀਵਾਲਾ, ਮੀਤ ਪ੍ਰਧਾਨ ਮੁਖਤਾਰ ਸਿੰਘ ਗਿੱਲ, ਜਸਪਾਲ ਸਿੰਘ ਧੂਲਕਾ, ਸਕੱਤਰ ਨਵਦੀਪ ਸਿੰਘ ਬਦੇਸ਼ਾ, ਸਤਰਾਜ ਜਲਾਲਾਂਬਾਦੀ, ਸਕੱਤਰ ਸਿੰਘ ਪੁਰੇਵਾਲ, ਦਿਲਰਾਜ ਸਿੰਘ ਦਰਦੀ, ਬਲਵਿੰਦਰ ਸਿੰਘ ਅਠੌਲਾ, ਸੱਤਾ ਜਸਪਾਲ, ਸੁਖਦੇਵ ਸਿੰਘ ਭੁੱਲਰ, ਡਾ: ਕੁਲਵੰਤ ਸਿੰਘ ਬਾਠ, ਸਰਬਜੀਤ ਸਿੰਘ ਪੱਡਾ, ਅਮਰਜੀਤ ਸਿੰਘ ਘੁੱਕ, ਅਰਜਿੰਦਰ ਬੁਤਾਲਵੀ, ਅਜੀਤ ਸਿੰਘ ਸਠਿਆਲਾ, ਮਹਿਲਾ ਵਿੰਗ ਦੀ ਪ੍ਰਧਾਨ ਸੁਖਵੰਤ ਕੌਰ ਵੱਸੀ, ਮੀਤ ਪ੍ਰਧਾਨ ਜਤਿੰਦਰਪਾਲ ਕੌਰ ਭਿੰਡਰ, ਗੁਰਮੀਤ ਕੌਰ ਬੱਲ, ਸਕੱਤਰ ਰਾਜਵਿੰਦਰ ਕੌਰ ਰਾਜ, ਅਮਨ ਢਿੱਲੋਂ ਕਸੇਲ, ਸੁਰਿੰਦਰ ਖਿਲਚੀਆਂ ਦੇ ਨਾਂ ਵਰਨਣਯੋਗ ਹਨ ।

# ਓਵਰਡੋਜ ਨਾਲ ਤੁਰ ਗਏ ਨੌਜਵਾਨ ਦੇ ਵਿਲਕਦੇ ਪ੍ਰੀਵਾਰ ਨਾਲ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜੀ ਦੇ ਪਿਤਾ ਬਾਪੂ ਤਰਸੇਮ ਸਿੰਘ ਜੀ ਪਹੁੰਚੇ ਦੁੱਖ ਸਾਂਝਾ ਕਰਨ

## ਸੁਖਾਂ ਸੁਖ ਕਿ ਲਏ ਪੁਤਾਂ ਨੂੰ ਕਫ਼ਨ ਵਿਚ ਵਲੇਟ ਕੇ ਹੱਥੀ ਤੋਰ ਰਹੀਆਂ ਮਾਵਾਂ ਵਿਲਕਦੀਆਂ ਦਿਖਾਈ ਦਿੰਦੀਆਂ : ਬਾਬਾ ਬਿਬੇਕ ਸਿੰਘ




**ਜੰਡਿਆਲਾ ਗੁਰੂ, 17 ਜੂਨ ( ਕੁਲਵੰਤ ਸਿੰਘ ਵਿਰਦੀ)**-ਪੰਜਾਬ ਵਿੱਚ ਆਏ ਦਿਨ ਨੌਜਵਾਨ ਨਸੇ ਦੀ ਓਵਰਡੋਜ ਨਾਲ ਮਰ ਰਹੇ ਹਨ ਅਤੇ ਸਰਕਾਰ ਵੱਲੋਂ ਦਾਅਵੇ ਕੀਤੇ ਜਾ ਰਹੇ ਹਨ ਕਿ ਪੰਜਾਬ ਵਿੱਚ ਨਸ਼ਾ ਬਹੁਤ ਘੱਟ ਹੈ ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜੀ ਦੇ ਪਿਤਾ ਬਾਪੂ ਤਰਸੇਮ ਸਿੰਘ ਜੀ ਨੇ ਹਲਕਾ ਜੰਡਿਆਲਾ ਦੇ ਅਧੀਨ ਆਉਂਦੇ ਪਿੰਡ ਮੱਲੀਆਂ ਦੇ ਰਹਿਣ ਵਾਲੇ ਨੌਜਵਾਨ ਪਰਮਜੀਤ ਸਿੰਘ ਦੀ ਓਵਰਡੋਜ ਨਾਲ ਹੋਈ ਮੌਤ ਦੇ ਸਬੰਧ ਵਿੱਚ ਪਿੰਡ ਮੱਲੀਆਂ ਵਿਖੇ ਨਸ਼ੇ ਨਾਲ ਮਰੇ ਨੌਜਵਾਨ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਪਹੁੰਚੇ ਸਮੇਂ ਕੀਤਾ। ਬਾਪੂ ਤਰਸੇਮ ਸਿੰਘ ਜੀ ਨੇ ਕਿਹਾ ਕਿ ਮਾਵਾਂ ਨੇ ਬੱਚੇ ਬੜੇ ਪਿਆਰ ਨਾਲ ਪਾਲੇ ਹੁੰਦੇ ਹਨ ਅਤੇ ਅੱਜ ਆਪਣੇ ਹੱਥੀ ਜਿੱਥੇ ਸ਼ਗਨਾਂ ਦੇ ਗਾਨੇ ਬੰਨ੍ਹਣੇ ਹੁੰਦੇ ਹਨ ਅੱਜ ਉਨ੍ਹਾਂ ਬੱਚਿਆਂ ਦੀਆਂ ਚਿਖ਼ਾ ਬਲਦੀਆਂ ਹੋਈਆਂ ਦਿਖਾਈ ਦਿੰਦੀਆਂ ਹਨ ਅਤੇ ਮਾਵਾਂ ਰੋਂਦੀਆਂ ਵਿਲਕਦੀਆਂ ਹੋਈਆਂ ਦਿਖਾਈ ਦਿੰਦੀਆਂ ਹਨ ਅੱਗੇ ਉਨ੍ਹਾ ਨੇ ਕਿਹਾ ਕਿ ਅੱਜ ਅਸੀ ਪ੍ਰਤਾਪ ਸਿੰਘ, ਭਾਈ ਲਖਵਿੰਦਰ ਸਿੰਘ ਅਤੇ ਸਮੂਹ ਪ੍ਰੀਵਾਰ ਨਾਲ ਦੁੱਖ ਸਾਂਝਾ ਕਰਦੇ ਹਾਂ ਅਤੇ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਬੱਚੇ ਦੀ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਪ੍ਰੀਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਇਸ ਸਬੰਧੀ ਬਾਬਾ ਬਿਬੇਕ ਸਿੰਘ ਜੀ ਨੇ ਕਿਹਾ ਕਿ ਮਾਵਾਂ ਨੇ ਪੁੱਤ ਬੜੀਆਂ ਸੁਖਾਂ ਸੁਖ ਕਿ ਪ੍ਰਮਾਤਮਾ ਕੋਲੋਂ ਲਏ ਹੁੰਦੇ ਹਨ ਪਰ ਵਿਲਕਦੀਆਂ ਹੋਈਆਂ ਮਾਵਾਂ ਨੂੰ ਛੱਡ ਕੇ ਅੱਜ ਚੜ੍ਹਦੀ ਜਵਾਨੀ ਵਿੱਚ ਨੌਜਵਾਨ ਸੰਸਾਰ ਨੂੰ ਛੱਡ ਕੇ ਤੁਰਦੇ ਜਾ ਰਹੇ ਹਨ ਅਤੇ ਵਿਲਕਦੀਆਂ ਹੋਈਆਂ ਮਾਵਾਂ ਸਿਹਰੇ ਬੰਨ੍ਹਣ ਦੀ ਥਾਂ ਹੱਥੀਂ ਪੁੱਤਾਂ ਨੂੰ ਕਫ਼ਨ ਦੇ ਵਿੱਚ ਵਲੇਟ ਕੇ ਤੋਰ ਰਹੀਆਂ ਹਨ ਇਸ ਦਾ ਬਹੁਤ ਦਰਦ ਹੈ ਅੱਗੇ ਬਾਬਾ ਬਿਬੇਕ ਸਿੰਘ ਜੀ ਨੇ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜੀ ਦਾ ਇਕ ਹੀ ਫੋਕਸ ਸੀ ਕਿ ਪੰਜਾਬ ਦੇ ਕੁਰਾਹੇ ਪੈ ਚੁੱਕੇ ਨੌਜਵਾਨਾਂ ਨੂੰ ਸਿੱਧੇ ਰਸਤੇ ਤੇ ਪਾਇਆ ਜਾਵੇ ਅਤੇ ਪੰਜਾਬ ਵਿੱਚ ਵਿਲਕਦੀਆਂ ਮਾਵਾਂ ਦਾ ਦੁੱਖ ਵੰਡਾਇਆ ਜਾਵੇ ਅਤੇ ਪੰਜਾਬ ਦੇ ਬੱਚੇ ਅੰਮ੍ਰਿਤ ਛਕ ਕੇ ਸਿੱਧੇ ਰਸਤੇ ਤੇ ਚੱਲਣ ਅਤੇ ਆਪਣੀ ਵਧੀਆ ਜ਼ਿੰਦਗੀ ਬਤੀਤ ਕਰਨ ਅੱਗੇ ਬਾਬਾ ਬਿਬੇਕ ਸਿੰਘ ਜੀ ਨੇ ਕਿਹਾ ਕਿ ਜਲਦੀ ਹੀ ਇੱਕ ਦੋ ਦਿਨ ਵਿਚ ਪ੍ਰੈਸ ਕਾਨਫਰੰਸ ਕੀਤੀ ਜਾਵੇਗੀ ਅਤੇ ਰਹਿੰਦੀਆਂ ਕੁੱਝ ਗੱਲਾਂ ਉਸ ਕਾਨਫਰੰਸ ਵਿੱਚ ਕੀਤੀਆਂ ਜਾਣਗੀਆਂ 9 ਅੱਗੇ ਬਾਬਾ ਬਿਬੇਕ ਸਿੰਘ ਜੀ ਨੇ ਕਿਹਾ ਕਿ ਭਾਈ ਸਾਹਬ ਜੀ ਦੀ ਚੜ੍ਹਦੀ ਕਲ੍ਹਾ ਲਈ ਅਤੇ ਪੰਜਾਬ ਦੇ ਨੌਜਵਾਨਾਂ ਦੀ ਚੜ੍ਹਦੀ ਕਲ੍ਹਾ ਲਈ ਸੰਗਤਾਂ ਦੂਖ ਨਿਵਾਰਨ ਕੈਂਪਾਂ ਵਿੱਚ ਹਾਜ਼ਰੀਆਂ ਜ਼ਰੂਰ ਭਰਨ ਕਿਉਂਕਿ ਸੰਗਤਾਂ ਦੀ ਪਰਮਾਤਮਾ ਨੂੰ ਵੀ ਮੰਨਣੀ ਪੈਂਦੀ ਹੈ। ਇਸ ਮੌਕੇ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜੀ ਦੇ ਚਾਚਾ ਪ੍ਰਗਟ ਸਿੰਘ ਜੀ ਅਤੇ ਭਾਈ ਅਮਨਦੀਪ ਸਿੰਘ ਡੱਡੂਆਣਾ ਵੱਲੋਂ ਵੀ ਪ੍ਰੀਵਾਰ ਨਾਲ ਦੁੱਖ ਸਾਂਝਾ ਕੀਤਾ।